# ਪੁਸਤਕ ਏਕ ਰੰਗ ਅਨੇਕ

ਮਾਸਟਰ ਅਮਰੀਕ ਸਿੰਘ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# "ਪੁਸਤਕ ਏਕ ਰੰਗ ਅਨੇਕ"

ਮਾਸਟਰ ਅਮਰੀਕ ਸਿੰਘ

ਸੰਤ ਤਰਨ ਸਿੰਘ ਵਹਿਮੀ ਸਾਹਿਤ ਪ੍ਰਕਾਸ਼ਨ
ਸ੍ਰੀ ਰਾਮਪੁਰ, ਬੁੱਢੀਮਾੜੀ, ਜ਼ਿਲਾ ਸਿਰਸਾ (ਹਰਿਆਣਾ)

ਸਹਿਯੋਗ : ਨਾਮਧਾਰੀ ਪੰਜਾਬੀ ਸਾਹਿਤ ਸਭਾ,
ਇਲਾਕਾ ਸ੍ਰੀ ਜੀਵਨ ਨਗਰ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਪੁਸਤਕ ਏਕ ਰੰਗ ਅਨੇਕ

**Pustak Ek Rang Anek**

© ਸਭ ਹੱਕ ਲੇਖਕ ਦੇ ਰਾਖਵੇਂ ਹਨ।

ਪਹਿਲੀ ਵਾਰ - 2011

ਲੇਖਕ : ਮਾਸਟਰ ਅਮਰੀਕ ਸਿੰਘ
ਨਵਾਂ ਲਾਲੇਪੁਰ, ਸਬਜ਼ੀ ਮੰਡੀ,
ਐਲਨਾਬਾਦ, ਜ਼ਿਲਾ ਸਿਰਸਾ (ਹਰਿਆਣਾ)

ਸਹਿਯੋਗ : ਨਾਮਧਾਰੀ ਪੰਜਾਬੀ ਸਾਹਿਤ ਸਭਾ,
ਸ੍ਰੀ ਜੀਵਨ ਨਗਰ

ਪ੍ਰਕਾਸ਼ਕ : ਸੰਤ ਤਰਨ ਸਿੰਘ ਵਹਿਮੀ ਸਾਹਿਤ ਪ੍ਰਕਾਸ਼ਨ
ਸ੍ਰੀ ਰਾਮਪੁਰ (ਬੁਢੀਮਾੜੀ) ਸਿਰਸਾ

ਛਾਪਕ : ਐਲਨਾਬਾਦ ਪ੍ਰਿੰਟਰਜ਼,
ਸ਼ਾਸਤਰੀ ਮਾਰਕਿਟ, ਐਲਨਾਬਾਦ
ਮੋ. 93153 21081

ਟਾਈਪ : ਅਰੁਣ ਕੁਮਾਰ, ਐਲਨਾਬਾਦ

ਮੁੱਲ : 150/- ਰੁਪਏ

Sri Satguru Jagjit Singh Ji eLibrary NamdhariElibrary@gmail.com

## ਲੇਖਕ ਦਾ ਜੀਵਨ ਵੇਰਵਾ :

| | | |
|---|---|---|
| ਨਾਮ | : | ਮਾਸਟਰ ਅਮਰੀਕ ਸਿੰਘ |
| ਜਨਮ ਮਿਤੀ | : | ਜੂਨ 1930 |
| ਜਨਮ ਸਥਾਨ | : | ਲਾਲੇਪੁਰ, ਜਿਲਾ ਗੁਜਰਾਂਵਾਲਾ (ਪਾਕਿਸਤਾਨ) |
| 1947 ਤੋਂ 2000 ਤਕ | : | ਅੰਮ੍ਰਿਤਸਰ ਕਲਾਂ, ਜਿਲਾ ਸਿਰਸਾ (ਹਰਿਆਣਾ) |
| ਤਾਲੀਮ | : | ਗੁਜ਼ਾਰੇ ਲਾਇਕ ਮੈਟ੍ਰਿਕ, ਗਿਆਨੀ |
| 2000 ਤੋਂ ਨਿਵਾਸ | : | ਨਵਾਂ ਲਾਲੇਪੁਰ, ਨਜਦੀਕ ਸਬਜ਼ੀ ਮੰਡੀ, ਐਲਨਾਬਾਦ, ਜ਼ਿਲਾ ਸਿਰਸਾ (ਹਰਿਆਣਾ) ਮੋ. 93541 24515 |

## ਪ੍ਰਾਪਤ ਸਨਮਾਨ :

**ਸੰਤ ਤਰਨ ਸਿੰਘ ਵਹਿਮੀ ਪੁਰਸਕਾਰ 2007**

(ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਵੱਲੋਂ)

**ਹਰਿਆਣਾ ਪੰਜਾਬੀ ਗੌਰਵ ਪੁਰਸਕਾਰ 2010**

(ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਵੱਲੋਂ)

Sri Satguru Jagjit Singh Ji eLibrary NamdhariElibrary@gmail.com

# "ਰੰਗ! ਸਭੇ ਨਾਰਾਇਣੈ"

ਮੈਨੂੰ ਪੂਰਾ ਚੇਤਾ ਨਹੀਂ, ਸ਼ਾਇਦ ਮਾਸਟਰ ਜੀ ਦੀ ਇਹ ਸੋਲ੍ਹਵੀਂ ਜਾਂ ਸਤ੍ਹਾਰਵੀਂ ਪੁੱਸਤਕ ਹੋਵੇ। ਇੰਜ ਮਾਸਟਰ ਜੀ ਸੋਲਾ ਕਲਾਂ ਸੰਪੂਰਨ ਹੋ ਗਏ ਨੇਂ-ਪਰ ਨਹੀਂ, ਸ਼ਾਲਾ ਇਉਂ ਨਾਂ ਹੋਵੇ। ਜੋ ਸੰਪੂਰਨ ਥੀ ਗਿਆ - ਓਹ ਤੇ ਬੱਸ ਢਾਲੇ ਪੈ ਗਿਆ - ਰੁਕ ਗਿਆ। ਸੰਪੂਰਨ ਤੇ ਕਾਦਰ ਏ ਜ੍ਹਿਦੀ ਕੁਦਰਤ ਨਿਰੰਤਰ ਚਲਦੀ ਰਹਿੰਦੀ ਏ।

ਇਹ ਸਤ੍ਹਾਰਵੀਂ ਕਿਰਤ ਹੈ। ਏਦੂੰ ਬਹੁਤੇ ਸਨਮਾਨ ਵੀ ਲੈ ਚੁੱਕੇ ਹਨ। ਦੋਂਹ ਦਾ ਜ਼ਿਕਰ ਹੀ ਕਰਾਂਗਾ, ਇਕ ਸੰਤ ਤਰਨ ਸਿੰਘ ਵਹਿਮੀ ਪੁਰਸਕਾਰ (51000 ਰੂ0) 2007 ਵਿੱਚ ਤੇ ਦੂਜਾ ਹਰਿਆਣਾ ਪੰਜਾਬੀ ਗੌਰਵ (1,50000 ਰੂ0) 2010 ਵਿੱਚ (ਹਰਿਆਣਾ ਪੰਜਾਬੀ ਸਾਹਿਤ ਅਕੈਡਮੀ, ਪੰਚਕੂਲਾ ਵੱਲੋਂ)

ਇਸ ਬਹੁ ਰੰਗੀ ਪੁਸੱਤਕ ਵਿੱਚ ਮਾਸਟਰ ਜੀ ਨੇ ਚਾਲੀ ਕੁ ਪੰਨੇ ਸ਼ਹੀਦਾਂ ਨੂੰ ਸਮ੍ਰਪਿਤ ਕੀਤੇ ਹਨ, ਫਿਰ ਸਿੱਖੀ ਸੰਭਾਲਣ ਦਾ ਦਰਦਨਾਕ ਨਾਹਰਾ ਮਾਰਿਆ ਹੈ। ਪਾਕਿਸਤਾਨ ਦੀ ਪੀੜ ਤਾਂ ਓਧਰ ਜੰਮਿਆ ਨੂੰ ਜੀਂਦੇ ਜੀ ਹੁੰਦੀ ਹੀ ਰਹੇਗੀ।

ਸ੍ਰੀ ਬਾਬਾ ਜੀ ਨੇ ਤੁਖਾਰੀ ਰਾਗ ਦੇ ਮੁੱਢ ਕਰਤੇ ਦੀ ਦਰਸ ਪਿਆਸ ਪ੍ਰੁੱਚੇ, ਬਾਰਾਂ ਮਾਹ ਉਚਾਰਨ ਕੀਤੇ ਹਨ। ਪੰਜਵੇਂ ਪਾਤਸ਼ਾਹ ਵੀ ਮਾਝ ਰਾਗ ਵਿਚ ਬਹੁ ਪੱਖੀ ਰਚਨਾਂ ਰਚੀ ਹੈ, ਪਰ ਮੁਖ ਸੁਰ ਹਰਿ ਮਿਲਾਪ ਦੀ ਹੀ ਰੱਖੀ ਹੈ।

ਆਮਤੌਰ ਤੇ ਬਾਰਾਂ ਮਾਹੇਂ ਬਿਰਹੋਂ ਭਿੱਜੇ ਈ ਹੁੰਦੇ ਨੇ, ਵਿਰਲੇ ਈ ਹੋਰ ਪੱਖੀ ਰਚਨਾਂ ਕਰਦੇ ਹਨ।

ਪਰ ਮਾਸਟਰ ਜੀ ਨੇ ਦੁਨੀਆਂ ਚ' ਸਭ ਤੋਂ ਮਜ਼ਬੂਰ ਸ੍ਰੇਣੀ ਕਿਰਤੀ ਕਿਸਾਨ (ਜੋ ਕਿ ਵਿਸ਼ਵ ਦਾ ਇਕਲੌਤਾ ਕਿਰਤਕਾਰ ਹੈ, ਜ੍ਹਿਦੀ ਕਿਰਤ ਦਾ ਮੁੱਲ ਖਰੀਦਦਾਰ ਨੇ ਪਾਣਾ ਹੈ, ਦੋ ਪੈਸੇ ਦਾ ਮਿੱਟੀ ਦਾ ਦੀਵਾ ਰਚਣ ਵਾਲਾ ਵੀ ਕਹੇਗਾ, ਮੈਂ ਏਦੂੰ ਘਟ ਨਹੀਂ ਦੇਣਾਂ) ਬਾਰੇ - ਬਾਰਾਂ ਮਾਂਹ ਲਿਖ ਕੇ ਨਿਵੇਕਲੀ ਪੈੜ ਪਾਈ ਏ।

ਹੋਰ ਕਈ ਰੰਗਾਂ ਬਾਦ ਧੀਆਂ ਵਾਲੇ ਕੁੰਡਲੀਏ ਪੰਠ ਕਰਨ ਵਾਲੇ ਹਨ। ਕਿਤੇ ਨੇਤਿਆਂ ਨੂੰ ਰਗੜੇ ਚਾੜ੍ਹੇ ਨੇ ਕਿਤੇ ਆਪਣੀ ਅੱਗੇ ਦੀ ਤਿਆਰੀ ਵਜਾਂਦੇ ਲੱਗਦੇ ਨੇ। ਸਾਰੇ ਈ ਰੰਗਾਂ ਦਾ ਨੋਟਿਸ ਨਹੀਂ ਲੈ ਸਕਿਆ, ਪਰ ਪਤਨੀ ਪੇਕੇ ਭੇਜਣ, ਫਿਰ ਜਿਵੇਂ ਡਰਦਿਆਂ ਨਾਂ ਜਾਣ ਦੀ ਬੇਨਤੀ ਧਿਆਨ ਦੇਣ ਵਾਲੀ ਹੈ।

**ਸਾਧੂ ਸਿੰਘ ਕਿਸਾਨ**
ਸ੍ਰੀ ਰਾਮਪੁਰ (ਬੁਢੀਮਾੜੀ)
ਜ਼ਿਲ੍ਹਾ ਸਿਰਸਾ (ਹਰਿਆਣਾ)

ਮਿਤੀ 1-12-2011

Sri Satguru Jagjit Singh Ji eLibrary NamdhariElibrary@gmail.com

# ਤਤਕਰਾ


| | | | |
|---|---|---|---|
| ਸੀ ਦਸ਼ਮੇਸ਼ ਆਏ | 8 | ਸ਼ਹੀਦਾਂ ਨੂੰ ਸ਼ਰਧਾਂਜ਼ਲੀ | 36 |
| ਸਰਦਾਰ ਮਹਾਂ ਸਿੰਘ | 10 | ਕੌਮ ਨੂੰ ਸੁਆਰਦੇ | 37 |
| ਕਤਲ ਗਾਹਾਂ ਵਿੱ (ਰੁਬਾਈਆਂ) | 12 | ਸਿਆਣੇ ਕਿਸੇ ਗੱਲ | 38 |
| ਕੋਟ-ਕੋਟ ਪ੍ਰਣਾਮ | 13 | ਆਓ ਕੋਟਲੇ ਚੱਲੀਏ | 40 |
| ਸ. ਭਗਤ ਸਿੰਘ ਬਾਰੇ | 15 | ਅਮਰ ਹੋਣੈ ਤਾਂ ਆ ਜਾਓ | 41 |
| 17 ਜਨਵਰੀ 1872 ਦਾ ਦਿਨ | 16 | ਸ਼ਹੀਦਾਂ ਦਾ ਜੀਵਨ | 43 |
| ਹੁੰਦੀ ਬਾਣ ਸ਼ਹੀਦਾਂ ਦੀ | 18 | ਝੁੱਲ ਵੇ ਤਰੰਗਿਆ | 44 |
| ਗੀਤ ਸ਼ਹੀਦਾਂ ਦੇ | 20 | ਪ੍ਰਣਾਮ ਐ ਰਾਹੀ ਪੁਚਾ ਦੇਣਾ | 45 |
| ਸ਼ਹੀਦ ਹੀ ਉਸਾਰਦੇ | 21 | ਸ਼ਹੀਦਾਂ ਵਤਨ ਤੋਂ ਹੈ ਜਿੰਦੜੀ.. | 46 |
| ਆਓ ਯਾਦ ਸ਼ਹੀਦਾਂ... | 23 | ਸਿੱਖੀ ਸੰਭਾਲ | 47 |
| ਸ਼ਹੀਦ ਊਧਮ ਸਿੰਘ | 24 | ਜੇ ਨ ਬਣਦਾ ਪਾਕਿਸਤਾਨ | 49 |
| ਵਾਰਿਆ ਜਿਸ ਨੇ... | 25 | ਆਪਸ ਵਿੱਚ ਨ ਲੜੋ ਪਿਆਰੇ | 51 |
| ਹਿੰਦ ਨੂੰ ਲਿਆ ਬਚਾਇ | 27 | ਨੇਤਾਓ ਇਸ ਜੰਗ ਨੂੰ ਰੋਕੋ | 52 |
| ਸਦ ਪ੍ਰਣਾਮ ਕਰੋ | 29 | ਕੀ ਧੀਆਂ ਦਾ ਜ਼ੋਰ | 53 |
| ਪ੍ਰਣਾਮ ਕਰ ਚੱਲੀਏ | 30 | ਕਾਰਾਂ ਵਾਲੇ ਕਾਰ ਭਜਾਕੇ | 54 |
| ਗੁਰੂ ਅਰਜਨ ਦੇਵ ਜੀ | 31 | ਉਮਰ ਅਮੁੱਲੀ | 56 |
| ਅਨੋਖੀ ਵਿਸਾਖੀ | 32 | ਲੋਕਾਂ ਨੂੰ ਮੈਂ ਕੀ ਆਖਾਂ | 57 |
| ਸ਼ਹੀਦਾਂ ਦੀ ਬਦੌਲਤ | 33 | ਦੁਬਿਧਾ ਦੂਰ ਕਰੋ | 59 |
| ਕੇਸਾਂ ਦਾੜ੍ਹੀਆਂ ਸੰਗ... | 34 | ਨੇਤਾ ਬਣ ਚਿੱਚੜ | 61 |


Sri Satguru Jagjit Singh Ji eLibrary NamdhariElibrary@gmail.com

| | |
|---|---|
| ਰੁਬਾਈਆਂ | 62 |
| ਵਿਹਲਿਆਂ ਜੱਟਾਂ ਦਾ | 64 |
| ਸੰਸਦ ਵਿੱਚ ਰੌਲਾ | 65 |
| ਕੋਈ ਕ੍ਰਿਸ਼ਮਾ ਕਰ ਜਾ | 67 |
| ਮੇਰੇ ਗੀਤ | 68 |
| ਆਵਾਜ਼ ਦਿਓ | 69 |
| ਨੇਕੀ ਦਾ ਕੰਮ ਕਰੀਏ | 70 |
| ਜੀਣਾ ਸਫ਼ਲ | 71 |
| ਬਾਰਾਂ ਮਾਹ ਅੱਜ ਦੀ ਕਿਸਾਨੀ | 72 |
| ਪਾਸ ਪੜੋਸੋਂ ਤੁਰ ਗਏ | 77 |
| ਆਪਣਾ ਆਪ ਬਚਾਈਏ | 78 |
| ਐ ਦੁਨੀਆਂ ਦੇ ਲੋਕੋ ਸੋਚੋ | 80 |
| ਸੁਭਾਗਾ ਦਿਨ | 81 |
| ਪੰਦਰਾ ਅਗਸਤ | 83 |
| ਗੁਰੂਦੁਆਰਾ ਇਕ ਹੈ | 85 |
| ਆਓ ਰਲ ਮਿਲ ਕੇ | 86 |
| ਮੇਰਾ ਭਾਰਤ | 88 |
| ਮੇਰੇ ਦੇਸ਼ਵਾਸੀ | 89 |
| ਪਹਿਲਾਂ ਤੇ ਅਜ ਦੀ ਦਸ਼ਾ | 90 |
| ਸਮੇਂ ਦੀ ਮੰਗ | 92 |
| ਲੀਡਰ ਜੀ | 93 |
| ਕੁਫ਼ਰ ਹੈ | 94 |
| ਨਾ ਜਵਾਨ ਦੀ ਜੈ ਨਾ ਕਿਸਾਨ.. | 96 |
| ਇੱਛਾ | 98 |
| ਠੰਢ ਵਰਤਾਓ | 99 |
| ਕੁੰਡਲੀਏ ਧੀਆਂ ਦੇ ਨਾਮ | 101 |
| ਕੁਝ ਦਿਨਾਂ ਦੀ ਬਾਤ ਹੈ... | 104 |
| ਪਤਨੀ ਪੇਕੇ ਚੱਲੀ | 106 |
| ਬੇੜਾ ਬੰਨੇ ਲਾਵਣਾ | 108 |
| ਹਰ ਸਮਾਂ ਚੰਗਾ ਨਹੀਂ ਹੁੰਦਾ | 109 |
| ਸੋਨਾਂ ਕੌਣ ਖਲਾਰ ਗਿਆ | 110 |
| ਚੁੰਨੀ ਸੰਭਾਲ ਧੀਏ | 111 |
| ਮਾਵਾਂ | 113 |
| ਮਾਂ | 115 |
| ਅੜੀਏ ਹੁਣ ਨ ਪੇਕੇ ਜਾ | 116 |
| ਜਵਾਨੀ ਚਲੀ ਗਈ | 118 |
| ਬੱਗਿਆਂ ਕਰੀ ਕਮਾਲੇ | 119 |
| ਆਓ ਮਿੱਤਰੋ ਮੇਰਿਓ | 120 |

Sri Satguru Jagjit Singh Ji eLibrary NamdhariElibrary@gmail.com

# ਸੀ ਦਸ਼ਮੇਸ਼ ਆਏ

ਅਣਖ ਮਰ ਚੁਕੀ ਸੀ ਤਾਂ ਦਸ਼ਮੇਸ਼ ਆਏ,
ਤੇ ਜ਼ਿੱਲਤ ਦੇ ਹਰ ਪਾਸੇ ਬੱਦਲ ਸੀ ਛਾਏ।

ਜਦੋਂ ਸਾਰੇ ਹਾਕਮ ਹਲਾਕੂ ਬਣੇ ਸਨ,
ਰਿਆਇਆ ਦੇ ਰਾਖੇ ਹੀ ਡਾਕੂ ਬਣੇ ਸਨ,
ਕੋਈ ਡਰਦਾ ਕਰ ਵੀ ਨਾਂ ਸਕਦਾ ਸੀ ਹਾਏ,
ਅਣਖ ਮਰ ਚੁਕੀ ਸੀ .................।

ਜ਼ੁਲਮ ਤੇ ਸਿਤਮ ਦਾ ਸੀ ਬਾਜ਼ਾਰ ਭਖਿਆ,
ਤੇ ਕੁਦਰਤ ਨੇ ਧਰਤੀ ਦਾ ਇਹ ਦੁੱਖ ਸੀ ਲਖਿਆ,
ਹਰਨ ਵਾਸਤੇ ਪੀੜ ਭਗਵਨ ਪਠਾਏ,
ਅਣਖ ਮਰ ਚੁਕੀ ਸੀ .................।

ਬੜੀ ਛੋਟੀ ਉਮਰੇ ਪਿਤਾ ਨੂੰ ਕਿਹਾ ਸੀ,
ਕਰੋ ਕਿਰਪਾ ਨਾਂ ਅੰਤ ਦੁੱਖ ਦਾ ਰਿਹਾ ਸੀ,
ਤੁਸਾਂ ਬਿਨ ਹੈ ਕਿਹੜਾ ਜੋ ਜੰਞੂ ਬਚਾਏ,
ਅਣਖ ਮਰ ਚੁਕੀ ਸੀ .................।

ਤੁਸਾਂ ਸੰਗਤਾਂ ਵਿੱਚ ਇਹ ਲਲਕਾਰ ਮਾਰੀ,
ਦਿਓ ਸੀਸ ਤਾਂ ਇਹ ਹਟੇਗੀ ਬੀਮਾਰੀ,
ਪਿਆ ਪਹੁਲ ਚਿੜੀਆਂ ਤੋਂ ਸ਼ਿਕਰੇ ਤੁੜਾਏ,
ਅਣਖ ਮਰ ਚੁਕੀ ਸੀ .................।

ਕਿਹਾ ਆਓ ਜਿਸ ਨੇ ਹੈ ਅੱਜ ਮਰ ਕੇ ਜੀਣਾ,
ਧਰਮ ਵਾਸਤੇ ਜਿਸ ਨੇ ਦੀਵਾਰ ਥੀਣਾ।
ਤੇ ਪੰਜ ਐਸੇ ਸਿਰਲੱਥ ਪਿਆਰੇ ਸਜਾਏ,
ਅਣਖ ਮਰ ਚੁਕੀ ਸੀ .................।



Sri Satguru Jagjit Singh Ji eLibrary NamdhariElibrary@gmail.com

ਜਿਗਰ ਟੋਟਿਆਂ ਨੂੰ ਧਰਮ ਲੇਖੇ ਲਾਇਆ,
ਜਗਤ ਮਾਤ ਗੁਜਰੀ ਨੂੰ ਵੀ ਨਾ ਲੁਕਾਇਆ,
ਕਿਹਾ ਚਾਰ ਦੇ ਕੇ ਮੈਂ ਲੱਖਾਂ ਬਚਾਏ,
ਅਣਖ ਮਰ ਚੁੱਕੀ ਸੀ ..................।

ਤੁਸਾਂ ਹੀ ਦਲੇਰੀ ਦੀ ਪੱਧਤੀ ਚਲਾਈ,
ਤੇ ਇੱਕ ਨੇ ਹੀ ਲੱਖਾਂ ਦੀ ਕੀਤੀ ਸਫਾਈ,
ਸੀ ਡਰ ਕਾਇਰਾਂ ਦੇ ਮਨਾਂ ਤੋਂ ਮਿਟਾਏ,
ਅਣਖ ਮਰ ਚੁਕੀ ਸੀ ..................।

ਜਵਾਂ ਮਰਦ ਲੋਕਾਂ ਦੀ ਜੰਢ ਐਸੀ ਚਾੜ੍ਹੀ,
ਜਿੰਨ੍ਹਾਂ ਜ਼ਾਲਮਾਂ ਦੀ ਹਕੂਮਤ ਪਛਾੜੀ,
ਉਹ ਮੁੜ ਕੇ ਕਦੇ ਵੀ ਨਾਂ ਇਸ ਰਾਹੇ ਆਏ,
ਅਣਖ ਮਰ ਚੁਕੀ ਸੀ ..................।

ਨਿਰੇ ਜੰਗਾਂ ਜੁੱਧਾਂ ਦੇ ਨਹੀਂ ਸੀ ਉਹ ਮਾਹਰ,
ਕਲਮ ਉਹਨਾਂ ਦੀ ਸੀ ਸਭੀ ਸਿਫਤੋਂ ਬਾਹਰ,
ਲਿਖਤ ਨੇ ਹਜ਼ਾਰਾਂ ਬਹਾਦਰ ਬਨਾਏ,
ਅਣਖ ਮਰ ਚੁਕੀ ਸੀ ..................।

ਉਹ ਖੁਦ ਇੱਕ ਕਵੀ ਸਨ ਤੇ ਕਵੀਆਂ ਦੇ ਰਾਖੇ,
ਮਣਾਂ ਲਿਖਤ ਰੁੜ ਗਈ ਨਦੀ ਸਰਸਾ ਆਖੇ,
ਕਵੀ ਜਨ ਬਵੰਜਾ ਸੀ ਸੱਦ ਕੇ ਬਿਠਾਏ,
ਅਣਖ ਮਰ ਚੁਕੀ ਸੀ ..................।

ਉਹ ਯੁੱਗ-ਪੁਰਸ਼ ਸਨ ਜਿੰਨ੍ਹਾਂ ਜੁੱਗ ਨੂੰ ਬਦਲਿਆ,
ਜ਼ੁਲਮ ਕਰਦਿਆਂ ਦੇ ਸਿਰਾਂ ਨੂੰ ਕੁਚਲਿਆ,
ਜਨਮ-ਦਿਨ ਤੇ "ਅਮਰੀਕ" ਨੇ ਗੀਤ ਗਾਏ,
ਅਣਖ ਮਰ ਚੁਕੀ ਸੀ ..................।



Sri Satguru Jagjit Singh Ji eLibrary NamdhariElibrary@gmail.com

# ਸਰਦਾਰ ਮਹਾਂ ਸਿੰਘ ਦੀ ਵਾਰ

ਮੁਗਲਾਂ ਜਦੋਂ ਆਨੰਦਪੁਰ ਨੂੰ ਘੇਰਾ ਪਾਇਆ,
ਕਿਲੇ ਦੇ ਬਾਹਰ ਜਾਪਦਾ ਹੜ੍ਹ ਫ਼ੌਜ ਦਾ ਆਇਆ,
ਚਾਰ ਚੁਫੇਰੇ ਕਿਲੇ ਦੇ ਉਹਨਾਂ ਡੇਰਾ ਲਾਇਆ,
ਅੰਦਰ ਬਾਹਰ ਜਾਣ ਦਾ ਰਾਹ ਬੰਦ ਕਰਾਇਆ,
ਰਸਤਾਂ ਸੱਭੇ ਮੁੱਕੀਆਂ ਡਰ ਦਲਾਂ ਤੇ ਛਾਇਆ,
ਸਭ ਦੇ ਮਨਾਂ ਤੇ ਪੈ ਰਿਹਾ ਸੀ ਭੁੱਖ ਦਾ ਸਾਇਆ।

ਚਾਲੀ ਸਿੰਘਾਂ, ਮਹਾਂ ਸਿੰਘ ਸੰਗ ਮਤਾ ਪਕਾਇਆ,
ਛੁੱਟੀ ਮੰਗੀਏ ਗੁਰਾਂ ਤੋਂ ਭੁੱਖ ਬਹੁਤ ਸਤਾਇਆ,
ਤੰਗੀ ਹੋਰ ਤਾਂ ਕੱਟ ਲਵੇ ਮਨੁਖ ਦਾ ਜਾਇਆ,
ਐਪਰ ਮੌਤੋਂ ਭੁੱਖ ਬੁਰੀ ਕਿਸੇ ਆਖ ਸੁਨਾਇਆ,
ਛੁੱਟੀ ਦੇ ਦਿਓ ਗੁਰੂ ਜੀ ਇਹ ਬਚਨ ਅਲਾਇਆ,
ਭੁੱਖਿਆਂ ਕੀਕਰ ਲੜਾਂਗੇ ਮਨ ਹੈ ਘਬਰਾਇਆ।

ਥੋੜੇ ਦਿਨ ਦੀ ਗੱਲ ਹੈ ਗੁਰੂ ਜੀ ਫਰਮਾਇਆ,
ਪਰ-ਹਾਰੇ ਸਿੰਘ ਨ ਸਮਝਦੇ ਬਹੁਤਾ ਸਮਝਾਇਆ,
ਆਖ਼ਰ ਗੁਰਾਂ ਨੇ ਮਹਾਂ ਸਿੰਘ ਨੂੰ ਪਾਸ ਬੁਲਾਇਆ,
ਬੇ-ਦਾਵਾ ਮਹਾਂ ਸਿੰਘ ਤੋਂ ਇਦਾਂ ਲਿਖਵਾਇਆ,
ਗੁਰੂ ਸਿੱਖ ਦਾ ਨਾਤਾ ਅੱਜ ਤੋਂ ਅਸਾਂ ਮੁਕਾਇਆ,
ਗੁਰਾਂ ਬੇਦਾਵਾ ਕਮਰ ਕੱਸੇ ਦੇ ਵਿੱਚ ਲੁਕਾਇਆ।

ਛੁੱਟੀਆਂ ਮਿਲੀਆਂ ਜੱਥਾ ਫੇਰ ਸੀ ਪਿੰਡ ਨੂੰ ਧਾਇਆ,
ਆਖਣ ਗੁਰਾਂ ਤੋਂ ਮਸਾਂ ਹੀ ਪਿੱਛਾ ਛੁਡਵਾਇਆ,
ਪਿੰਡ ਪੁੱਜੇ ਪਿੰਡ ਵਾਸੀਆਂ ਨੇ ਬੁਰਾ ਮਨਾਇਆ,
ਭੀੜ ਪਈ ਛੱਡ ਆਏ ਹੋ ਕਿਓਂ ਦਗ਼ਾ ਕਮਾਇਆ,
ਨਾਸ਼ਵਾਨ ਤਨ ਤੁਸਾਂ ਨੇ ਕਿਓਂ ਅੱਜ ਬਚਾਇਆ,
ਤੁਸਾਂ ਅਸਾਡੀ ਰੂਹ ਨੂੰ ਹੈ ਬਹੁਤ ਦੁਖਾਇਆ ।



Sri Satguru Jagjit Singh Ji eLibrary NamdhariElibrary@gmail.com

ਭਾਗੋ ਮਾਂ ਨੇ ਮਿਹਨਿਆਂ ਦਾ ਮੀਂਹ ਵਰਸਾਇਆ,
ਸਿਰਾਂ ਤੇ ਲੈ ਲੌ ਚੁੰਨੀਆਂ ਕਿਓਂ ਮਰਦ ਕਹਾਇਆ,
ਤੁਸਾਂ ਅਸਾਡੀ ਜੱਦ ਨੂੰ ਹੈ ਦਾਗ ਲਗਾਇਆ,
ਸੁਣ ਕੇ ਪਿਛਾਂ ਨੂੰ ਪਰਤਿਆਂ ਜੱਥਾ ਸ਼ਰਮਾਇਆ,
ਖਦਰਾਣੇ ਦੀ ਢਾਬ ਵੱਲ ਨੂੰ ਜਲਦ ਸਿਧਾਇਆ,
ਰਣ ਤੱਤੇ ਵਿੱਚ ਪਹੁੰਚ ਕੇ ਖੰਡਾ ਖੜਕਾਇਆ ।

ਰੱਜ ਕੇ ਉਹਨਾਂ ਵੈਰੀਆਂ ਦਾ ਆਹੂ ਲਾਹਿਆ,
ਪਾਈ ਸ਼ਹੀਦੀ ਸੂਰਿਆਂ ਨੇ ਇੰਜ ਬਖਸ਼ਾਇਆ,
ਦਸਮ ਪਿਤਾ ਨੇ ਵੇਖ-ਵੇਖ ਬਹੁ ਪਿਆਰ ਜਤਾਇਆ,
ਮਹਾਂ ਸਿੰਘ ਸੀ ਸਹਿਕਦਾ ਜਦੋਂ ਗੁਰਾਂ ਤਕਾਇਆ,
ਵੇਖ ਕੇ ਆਪਣੇ ਗੋਡਿਆਂ ਤੇ ਸੀਸ ਟਿਕਾਇਆ,
ਆਖਿਆ ਮੰਗ ਲੈ ਮਹਾਂ ਸਿਹਾਂ ਅੱਜ ਦਿਆਂ ਜੋ ਚਾਹਿਆ ।

ਮਹਾਂ ਸਿੰਘ ਨੇ ਵੇਖ ਕੇ ਪਾਸਾ ਪਰਤਾਇਆ,
ਆਖੇ ਬਖ਼ਸ਼ੋ ਗੁਰੂ ਜੀ ਕਿਤੇ ਭੁੱਲ ਨਾ ਜਾਇਆ,
ਲਿਖਿਆ ਬਦਾਵਾ ਪਾੜਿਓ ਨਾਂ ਰਹੇ ਬਕਾਇਆ,
ਕਮਰ ਕੱਸਿਓਂ ਕੱਢ ਕੇ ਕਾਗਜ ਦਿਖਲਾਇਆ,
ਪਾੜਿਆ ਗੁਰਾਂ ਨੇ ਮਹਾਂ ਸਿੰਘ ਤੱਕਿਆ ਮੁਸਕਰਾਇਆ,
ਖੁਸ਼ੀ-ਖੁਸ਼ੀ ਫਿਰ ਸੂਰਮਾ ਸੁਰਗਾਂ ਨੂੰ ਧਾਇਆ ।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਕਤਲ ਗਾਹਾਂ ਵਿੱਚ

(ਰੁਬਾਈਆਂ)

ਕਤਲ ਗਾਹਾਂ ਵਿੱਚ ਹੀ ਬਣਦੀ ਜ਼ਿੰਦਗੀ,
ਖ਼ੂੰਨ ਦੇ ਵਿਚੋਂ ਹੀ ਛਣਦੀ ਜ਼ਿੰਦਗੀ,
ਸੀਸ ਬਿਨ ਲੋਥਾਂ ਦੇ ਉੱਚੇ ਢੇਰ ਚੋਂ,
ਇੱਕ ਨਵਾਂ ਤੂਫਾਨ ਜਣਦੀ ਜ਼ਿੰਦਗੀ ।

ਭੱਜ ਕੇ ਆਵਨ ਵਾਲਿਓ ਸੋਚੋ ਜ਼ਰਾ,
ਭਾਂਜ ਖਾਵਨ ਵਾਲਿਓ ਸੋਚੋ ਜ਼ਰਾ,
ਜ਼ਿੰਦਾ ਨੇ ਜੋ ਮਰ ਗਏ ਮੈਦਾਨ ਵਿੱਚ,
ਜਿੰਦ ਬਚਾਵਨ ਵਾਲਿਓ ਸੋਚੋ ਜ਼ਰਾ ।

ਦਰਦ ਮੰਦਾਂ ਦਾ ਦਰਦ ਜੋ ਕਦੇ ਵੰਡਾਂਦਾ ਨਹੀਂ,
ਦੁਖ ਸੁਖ ਦੁਖੀਆਂ ਦੇ ਘਰ ਪੁੱਛਣ ਜਾਂਦਾ ਨਹੀਂ,
ਪਸ਼ੂਆਂ ਤੋਂ ਵੀ ਬਦ-ਤਰ ਉਸਦਾ ਜੀਵਨ ਹੈ,
ਜੋ ਡਿੱਗਿਆ ਨੂੰ ਬਾਂਹੋਂ ਪਕੜ ਉਠਾਂਦਾ ਨਹੀਂ ।

* * * * *



Sri Satguru Jagjit Singh Ji eLibrary NamdhariElibrary@gmail.com

# ਕੋਟ ਕੋਟ ਪ੍ਰਣਾਮ

ਏਸ ਸ਼ਹੀਦਾਂ ਦੀ ਧਰਤੀ ਨੂੰ ਕੋਟ ਕੋਟ ਪ੍ਰਣਾਮ,
ਇਸ ਦੇ ਹਰ ਜ਼ੱਰੇ ਨੂੰ ਕਰੀਏ ਝੁਕ ਝੁਕ ਸਦਾ ਸਲਾਮ ।

ਅਣਖ ਅਸਾਡੀ ਮਿੱਟੀ ਦੇ ਵਿੱਚ ਗ਼ੈਰਾਂ ਖ਼ੂਬ ਮਿਲਾਈ,
ਸੀਸ ਵਾਰ ਕੇ ਸੂਰਮਿਆਂ ਨੇ ਦੇਸ਼ ਦੀ ਸ਼ਾਨ ਬਚਾਈ,
ਸੀਨਾਂ ਤਾਨ ਤੋਪ ਦੇ ਮੂਹਰੇ ਖੜਾ ਹੈ ਅੱਜ ਵਰਿਆਮ ।

ਗ਼ੈਰ ਸਮੁੰਦਰੋ ਪਾਰੋਂ ਆਕੇ ਦੇਸ਼ ਤੇ ਕਾਬਜ਼ ਹੋਇਆ,
ਇੱਜਤ ਸਾਡੀ ਦਾ ਉਸ ਬੇੜਾ ਵਿੱਚ ਮੰਝਧਾਰ ਡਬੋਇਆ,
ਪੈਰ ਪੈਰ ਤੇ ਸਾਨੂੰ ਕੀਤਾ ਬੇ-ਇਜ਼ਤ ਬਦਨਾਮ ।

ਸਿਰ ਲੱਥ ਸੂਰੇ ਤੋਪ ਦੇ ਮੂਹਰੇ ਸੀਨਾਂ ਤਾਨ ਖਲੋਏ,
ਮੌਤ ਮੰਗੇਤਰ ਸਾਡੀ ਹੈ ਅਸੀਂ ਇਸ ਦੇ ਲਾੜੇ ਹੋਏ,
ਪੀਣਾ ਹੈ ਅਸਾਂ ਨਾਲ ਖੁਸ਼ੀ ਦੇ ਭਰੋ ਸ਼ਹੀਦੀ ਜਾਮ ।

ਬਿਸ਼ਨ ਸਿੰਘ ਗੋਰੇ ਦੀ ਦਾੜ੍ਹੀ ਫੜ ਕੇ ਖ਼ੂਬ ਹਿਲਾਈ,
ਛੱਡੀ ਤਾਂ ਜਦ ਜ਼ਾਲਮ ਨੇ ਸੀ ਦਿੱਤੀ ਵੱਢ ਕਲਾਈ,
ਕਰ ਦੇਣੀ ਏ ਬਿੱਲਿਆ ਤੇਰੀ ਨੀਤੀ ਅਸਾਂ ਨਾਕਾਮ ।

ਹੀਰਾ ਸਿੰਘ ਨੇ ਕਿਹਾ ਤੋਪ ਇਹ ਤੇਰੇ ਕਹੇ ਨਾਂ ਚੱਲਣੀ,
ਲਾ ਲੈ ਜ਼ੋਰ ਇਹ ਕਾਂਗ ਜ਼ੁਲਮ ਦੀ ਸਬਰ ਅਸਾਂ ਨੇ ਠੱਲਣੀ,
ਜਿਤਨਾਂ ਚਿਰ ਤੂੰ ਜਾਂਦਾ ਨਹੀਂ ਅਸਾਂ ਕਰਨਾਂ ਨਹੀਂ ਆਰਾਮ ।

ਕਾਵਨ ਕਹੇ ਇਹ ਕਿਸ ਮਿੱਟੀ ਦੇ ਬਣੇ ਨੇ ਲੋਕ ਪੰਜਾਬੀ,
ਮੌਤੋਂ ਮੂਲ ਨਾ ਡਰਨ ਕਿਸੇ ਨੇ ਭਰੀ ਅਜੇਹੀ ਚਾਬੀ,
ਕਰ ਦੇਂਦੇ ਨੇ ਤੋਪਾਂ ਦਾ ਵੀ ਇਕਦਮ ਚੱਲਣਾ ਜਾਮ ।



Sri Satguru Jagjit Singh Ji eLibrary NamdhariElibrary@gmail.com

ਸੂਰਮਿਆਂ ਨੇ ਜਾਨ ਤਲੀ ਤੇ ਧਰ ਕੇ ਇਹ ਗੱਲ ਆਖੀ,
ਰਹੀਏ ਅਸੀਂ ਨਾਂ ਰਹੀਏ ਭਾਵੇਂ ਦੇਸ਼ ਦੀ ਬਣੇ ਵਸਾਖੀ,
ਗ਼ੈਰ ਦੇ ਹੁੰਦਿਆ ਸਾਡਾ ਜੱਗ ਤੇ ਜੀਣਾ ਸਮਝ ਹਰਾਮ ।

ਅੱਜ ਵੀ ਸੂਰਮਿਆਂ ਨੇ ਸਰਹੱਦਾਂ ਤੇ ਮਰਨਾਂ ਮੰਡਿਆ,
ਗ਼ੈਰਾਂ ਨੂੰ ਹੈ ਯਾਦ ਕਰਾਈ ਨਾਨੀ ਐਸਾ ਫੰਡਿਆ,
ਇਹ ਓਹੀ ਨੇ ਰਹੇ ਸਮਝਦੇ ਮੌਤ ਨੂੰ ਜੋ ਇਨਾਮ ।

ਸਾਡਾ ਫਰਜ਼ ਹੈ ਆਓ ਰਲ ਕੇ ਮਾਨ ਉਹਨਾਂ ਦਾ ਕਰੀਏ,
ਯਾਦ ਉਹਨਾਂ ਦੀ ਆਪਣੇ ਦਿਲ ਦੇ ਹਰ ਕੋਨੇ ਵਿੱਚ ਧਰੀਏ,
ਨਾਲ "ਅਮਰੀਕ" ਨੂੰ ਲੈ ਕੇ ਕਰੀਏ ਦੇਸ਼ ਦਾ ਉੱਚਾ ਨਾਮ ।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਸ: ਭਗਤ ਸਿੰਘ ਬਾਰੇ

ਭਗਤ ਸਿੰਘ ਸ਼ਹੀਦ ਦੇ ਸੁਪਨਿਆਂ ਨੂੰ ਕਰਨ ਲਈ ਸਾਕਾਰ ਇੱਕ ਜਤਨ ਕਰੀਏ,
ਤੱਤ ਲੋਕ ਵਰੋਧੀ ਜੋ ਪਨਪ ਰਹੇ ਨੇ, ਉਹਨਾਂ ਸਾਰਿਆਂ ਦਾ ਆਓ ਪਤਨ ਕਰੀਏ।
ਜੋ ਕੁਝ ਕੀਤਾ ਤੇ ਜੋ ਕੁਝ ਲਿਖ ਧਰ ਗਏ, ਲਿਖਤਾਂ ਉਹਨਾਂ ਦਾ ਫੇਰ ਅੱਜ ਰਟਨ ਕਰੀਏ,
ਅਸਲੀ ਜਿਹੜੀ ਆਜ਼ਾਦੀ ਉਹ ਲੋੜਦੇ ਸੀ, ਆਓ ਐਸਾ ਆਜ਼ਾਦ ਇਹ ਵਤਨ ਕਰੀਏ।

ਗੱਲ ਕਰੀਏ ਕੀ ਉਹਨਾਂ ਬਹਾਦਰਾਂ ਦੀ, ਸੀਸ ਤਲੀ ਤੇ ਜਿੰਨ੍ਹਾ ਟਿਕਾਇਆ ਸੀ,
ਅਸਾਂ ਦੇਸ਼ ਗੁਲਾਮ ਨਹੀਂ ਰਹਿਣ ਦੇਣਾ ਰਲ ਕੇ ਮਤਾ ਇਹ ਪੱਕਾ ਪਕਾਇਆ ਸੀ,
ਭਾਰਤ ਵਰਸ਼ ਬਨਾਣਾ ਏ ਦੇਸ਼ ਐਸਾ, ਹਰ ਇੱਕ ਸੁਖੀ ਹੋਵੇ ਉਹਨਾਂ ਚਾਹਿਆ ਸੀ,
ਊਚ ਨੀਚ ਦੀ ਢਾਹ ਦੀਵਾਰ ਦੇਣੀ, ਅਮਨ-ਏਕਤਾ ਦਾ ਬੀੜਾ ਚਾਇਆ ਸੀ ।

ਆਓ ਵੇਖੀਏ ਕਿ ਹਿੰਦੋਸਤਾਨ ਅੰਦਰ, ਕੀ ਕੁਝ ਵਰਤਦਾ ਏ ਕੀ ਕੁਝ ਹੋ ਰਿਹਾ ਏ,
ਨੇਤਾ ਕੀਹ ਅੱਜ ਕਹਿਰ ਕਮਾ ਰਿਹਾ ਏ, ਜਾਂ ਫਿਰ ਹਵੱਸ ਦੀ ਚੱਕੀ ਹੀ ਝੋ ਰਿਹਾ ਏ,
ਕੈਸੀ ਹਾਲਤ ਹੈ ਲੋਕਾਂ ਦੀ ਜਾਣਦਾ ਨਹੀਂ, ਐਵੇਂ ਲਾਲਚ ਦਾ ਭਾਰ ਹੀ ਢੋ ਰਿਹਾ ਏ,
ਇਸ ਹਮਾਮ ਵਿਚ ਹੋਇਆ ਹਰੇਕ ਨੰਗਾ, ਪੁੱਠੀ ਛੁਰੀ ਸੰਗ ਲੋਕਾਂ ਨੂੰ ਕੋਹ ਕਿਹਾ ਏ।

ਕਿਵੇਂ ਮਿਲੀ ਆਜ਼ਾਦੀ ਉਹ ਕੀ ਜਾਣਨ, ਇਹ ਤਾਂ ਲੋਕਾਂ ਨੂੰ ਲੁੱਟਣਾ ਜਾਣਦੇ ਨੇ,
ਹੱਥ ਪੈਰ ਬੰਨ੍ਹ ਤੰਗੀ ਤੰਦੂਰ ਅੰਦਰ, ਭਾਰਤ ਵਾਸੀਆਂ ਨੂੰ ਸੁੱਟਣਾ ਜਾਣਦੇ ਨੇ,
ਜਿਸ ਦੇ ਨਾਲ ਨੱਕ ਨੱਕ ਭਰਿਆ ਜਾਏ ਗੱਲਾ, ਸਿਰਫ਼ ਕਦਮ ਓਹੀ ਪੁੱਟਣਾ ਜਾਣਦੇ ਨੇ,
ਨਹੀਂ ਸਮਝਦੇ ਲੋਕਾਂ ਦਾ ਬਣੇਗਾ ਕੀ, ਖਾ ਖਾ ਆਪ ਉਹ ਫੁੱਟਣਾ ਜਾਣਦੇ ਨੇ।

ਲੋਕ ਤੰਤਰ ਅੱਜ ਹੋਇਆ ਏ ਚੋਰ ਤੰਤਰ, ਭਗਤ ਸਿੰਘ ਨੇ ਕੀ ਇਹ ਮੰਗਿਆ ਸੀ?
ਰਾਜ ਗੁਰੂ ਸੁਖਦੇਵ ਨੇ ਫਾਂਸੀਆਂ ਤੇ, ਏਸੇ ਲਈ ਸਰੀਰ ਨੂੰ ਟੰਗਿਆ ਸੀ?
ਊਧਮ ਸਿੰਘ ਸਰਾਭੇ ਤੇ ਲਾਜਪਤ ਨੇ ਲੋਕ ਤੰਤਰ ਅਜੇਹਾ ਹੀ ਅੰਗਿਆ ਸੀ?
ਤੋਪਾਂ ਅੱਗੇ ਖਲੋ ਬਹਾਦਰਾਂ ਨੇ ਏਸੇ ਲਈ ਅੰਗਰੇਜ਼ਾਂ ਨੂੰ ਢੰਗਿਆ ਸੀ?

ਠੱਗ ਫੇਰ ਅੱਜ ਗਏ ਨੇ ਹੋ ਕੱਠੇ, ਗੱਠ-ਬੰਧਨ ਅੱਜ ਨਵੇਂ ਬਨਾ ਰਹੇ ਨੇ,
ਸਾਨੂੰ ਲੋਕਾਂ ਨੂੰ ਮੂਰਖ ਬਣਾਨ ਖ਼ਾਤਰ ਨਵੇਂ ਨਵੇਂ ਤਰੀਕੇ ਅਪਣਾਂ ਰਹੇ ਨੇ,
ਲੋਕੋ ਬਚੋ ਅਜ ਰਲੇ ਨੇ, ਚੋਰ ਸਾਰੇ, ਸ਼ਹਿਰਾਂ ਪਿੰਡਾਂ ਵਿਚ ਫੇਰ ਅੱਜ ਆ ਰਹੇ ਨੇ,
ਅਸਲੀ ਸ਼ਕਲ ਪਛਾਣੋ "ਅਮਰੀਕ" ਆਖੇ ਫਾਂਧੀ ਨਵਾਂ ਈ ਜਾਲ ਵਿਛਾ ਰਹੇ ਨੇ।



Sri Satguru Jagjit Singh Ji eLibrary NamdhariElibrary@gmail.com

# ਸਤਾਰਾਂ ਜਨਵਰੀ 1872 ਦਾ ਦਿਨ

ਸਤਾਰਾਂ ਜਨਵਰੀ ਦਾ ਦਿਨ ਰਲ ਮਨਾਈਏ,
ਸ਼ਹੀਦਾਂ ਨੂੰ ਕਰ ਯਾਦ ਦਿਨ ਇਹ ਲੰਘਾਈਏ ।

ਕਰੋ ਯਾਦ ਅਤਿ ਦੀ ਸੀ ਇੱਕ ਰਾਤ ਠੰਢੀ,
ਜਦੋਂ ਬਣਿਆ ਕੱਲਰ ਇਹ ਸੀ ਮੌਤ-ਮੰਡੀ,
ਜ਼ਰਾ ਉਹਨਾਂ ਘੜੀਆਂ ਨੂੰ ਮਨ ਵਿੱਚ ਵਸਾਈਏ ।

ਮੰਗਾਈਆਂ ਸੀ ਤੋਪਾਂ ਸਵੇਰੇ ਸਵੇਰੇ,
ਤੇ ਸਿੰਘ ਠੰਢੇ ਪਾਣੀ ਚ' ਨ੍ਹਾਤੇ ਹਨੇਰੇ,
ਸ਼ੁਕਰ ਹੈ ਵਤਨ ਲਈ ਹੋ ਪਰਵਾਨ ਜਾਈਏ ।

ਖੜਾ ਹੀਰਾ ਸਿੰਘ ਤੋਪ ਮੂਹਰੇ ਪੁਕਾਰੇ,
ਚਲਾ ਬਿੱਲਿਆ ਵੇਖ ਸਾਡੇ ਵੀ ਕਾਰੇ,
ਇਹ ਚੱਲੂ, ਧੁਰੋਂ ਹੁਕਮ ਜੇ ਕਰ ਸੁਨਾਈਏ ।

"ਚਲਾ ਜਾ ਤੂੰ ਵਰਿਆਮ", ਕਾਵਨ ਹੈ ਕਹਿੰਦਾ,
ਤੇਰਾ ਕੱਦ ਹੈ ਛੋਟਾ ਨਿਸ਼ਾਨਾ ਨਾਂ ਬਹਿੰਦਾ,
ਕਿਹਾ ਭੱਜ ਕੇ ਵਾਹਣਾਂ ਚੋਂ ਢੀਮਾਂ ਲਿਆਈਏ ।

ਤੂੰ ਸੁੰਦਰ ਤੇ ਮਾਸੂਮ ਹੈ ਬਿਸ਼ਨ ਸਿੰਘਾ,
ਤੂੰ ਵਲ ਛਲ ਤੋਂ ਮਹਿਰੂਮ ਹੈ ਬਿਸ਼ਨ ਸਿੰਘਾ,
ਜੇ ਕਹਿ ਦੇ ਮੈਂ ਸਿੱਖ ਨਹੀਂ ਤਾਂ ਜੀਵਨ ਬਚਾਈਏ ।

ਝਪਟ ਮਾਰ ਕਾਵਨ ਦੀ ਘੁੱਟ ਫੜ ਲਈ ਦਾਹੜੀ,
ਤੜਪਿਆ ਜਦੋਂ ਉਸ ਨੇ ਖਿੱਚ ਪੂਰੀ ਚਾਹੜੀ,
ਮਜ਼ਾ ਤੇਰੀ ਆਖੀ ਦਾ ਤੈਨੂੰ ਚਖਾਈਏ ।



Sri Satguru Jagjit Singh Ji eLibrary NamdhariElibrary@gmail.com

ਛਿਆਸਠ ਸ਼ਹੀਦਾਂ ਨੇ ਅੱਜ ਦੇ ਦਿਹਾੜੇ,
ਵਤਨ ਵਾਸਤੇ ਝੱਲੇ ਸੀਨੇ ਦੁਗਾੜੇ,
ਐ ਅਮਰੀਕ ਸਦਾ ਹੀ ਇਹ ਸਭ ਨੂੰ ਸੁਨਾਈਏ ।

ਹਜ਼ਾਰਾਂ ਵੀ ਕੰਮ ਹੋਣ ਇਹ ਦਿਨ ਨ ਭੁੱਲੀਏ,
ਸ਼ਹੀਦਾਂ ਦਾ ਪਾਸਾ ਜ਼ਰੂਰ ਆਕੇ ਥੁੱਲੀਏ,
ਤੇ ਸ਼ਰਧਾ ਦੇ ਫੁੱਲ ਏਥੇ ਆਕੇ ਚੜ੍ਹਾਈਏ ।

ਸਤਾਰਾਂ ਜਨਵਰੀ ਦਾ ਦਿਨ ਰੱਲ ਮਨਾਈਏ,
ਸ਼ਹੀਦਾਂ ਨੂੰ ਕਰ ਯਾਦ ਦਿਨ ਇਹ ਲੰਘਾਈਏ ।

✲ ✲ ✲ ✲ ✲


Sri Satguru Jagjit Singh Ji eLibrary NamdhariElibrary@gmail.com

# ਹੁੰਦੀ ਬਾਣ ਸ਼ਹੀਦਾਂ ਦੀ

ਦੇਸ਼ ਦੀ ਖ਼ਾਤਰ ਮਰ ਮਿਟ ਜਾਣਾ, ਹੁੰਦੀ ਬਾਣ ਸ਼ਹੀਦਾਂ ਦੀ,
ਖ਼ੁਦ ਬਰਬਾਦ ਹੋ ਕੁਝ ਨਾਂ ਚਾਹਣਾ, ਹੁੰਦੀ ਬਾਣ ਸ਼ਹੀਦਾਂ ਦੀ ।

ਸੂਰਮਿਆਂ ਦੀ ਸੋਚ ਹੁੰਦੀ ਏ, ਕੇਵਲ ਵਤਨ ਪਰਸਤੀ,
ਦੇਸ਼ ਦੀ ਅਜ਼ਮਤ ਰੱਖਣ ਚਾਹੇ ਮਿਟ ਜੈ ਆਪਣੀ ਹਸਤੀ,
ਸ਼ਮਾਂ ਜਿਓਂ ਅਪਣਾਂ ਆਪ ਜਲਾਣਾਂ, ਹੁੰਦੀ ਬਾਣ ਸ਼ਹੀਦਾਂ ਦੀ ।

ਜ਼ੁਲਮ ਦੇ ਸਾਹਵੇਂ ਬਣ ਦੀਵਾਰਾਂ, ਸੀਨਾਂ ਤਾਣ ਖਲੋਣਾਂ,
ਆਰਿਆਂ ਰੰਬੀਆਂ ਦੇ ਤਿੱਖੇ ਮੂੰਹ ਨਹੀਂ ਉਹਨਾਂ ਨੂੰ ਪੋਹਣਾ,
ਆਪਣਾ ਆਪਾ ਘੋਲ ਘੁਮਾਣਾ, ਹੁੰਦੀ ਬਾਣ ਸ਼ਹੀਦਾਂ ਦੀ ।

ਅਮਰ ਹੋਣ ਲਈ ਪਹਿਲਾਂ ਮਰਨਾ, ਲੋਕਾਂ ਨੂੰ ਸਿਖਲਾਂਦੇ ਨੇ,
ਟੋਟੇ-ਟੋਟੇ ਹੋਣ ਲਈ ਅਪਣਾਂ ਪਹਿਲਾਂ ਸੀਸ ਕਟਾਂਦੇ ਨੇ,
ਬਿਨਾਂ ਸੀਸ ਦੇ ਕਦਮ ਵਧਾਣਾ, ਹੁੰਦੀ ਬਾਣ ਸ਼ਹੀਦਾਂ ਦੀ ।

ਤੱਤੀਆਂ ਤਵੀਆਂ ਤੇ ਨਿੱਤ ਬਹਿਕੇ ਭਾਣਾ ਮਿੱਠਾ ਮੰਨਣਾ,
ਤੱਤੀ ਰੇਤ ਪੁਆ ਕੇ ਸਿਰ ਤੇ ਨਵ ਇਤਹਾਸ ਸਿਰਜਣਾਂ,
ਦੇਗਾਂ ਵਿੱਚ ਆਪਾ ਉਬਲਾਣਾ, ਹੁੰਦੀ ਬਾਣ ਸ਼ਹੀਦਾਂ ਦੀ ।

ਜਾਣ ਜਾਏ ਤਾਂ ਜਾਏ ਐਪਰ ਸ਼ਾਨ ਦੇਸ਼ ਦੀ ਜਾਏ ਨਾਂ,
ਫਾਂਸੀ ਤੇ ਚੜ੍ਹ ਜਾਈਏ ਭਾਵੇਂ ਖੌਫ਼ ਤੋਪ ਤੋਂ ਆਏ ਨਾਂ,
ਢੀਮਾਂ ਦਾ ਇੱਕ ਢੇਰ ਬਨਾਣਾ, ਹੁੰਦੀ ਬਾਣ ਸ਼ਹੀਦਾਂ ਦੀ ।

* * * * *



Sri Satguru Jagjit Singh Ji eLibrary NamdhariElibrary@gmail.com

ਸਿਰੜ ਸਰੀਰੋਂ ਉੱਤੇ ਜਾਨਣ ਜਬਰ ਸਬਰ ਸੰਗ ਜਰਦੇ,
ਟੋਟੇ ਬੱਚਿਆਂ ਦੇ ਕਰਵਾ ਕੇ, ਝੋਲੀਆਂ ਤਾਈਂ ਭਰਦੇ,
ਬੰਦ ਬੰਦ ਕਹਿ ਕੇ ਆਪ ਕਟਾਣਾਂ, ਹੁੰਦੀ ਬਾਣ ਸ਼ਹੀਦਾਂ ਦੀ ।

ਤੂੰ ਅਮਰੀਕ ਨਾਂ ਕਰ ਸਕਦਾ ਏਂ, ਸਾਰੀ ਸਿਫ਼ਤ ਸ਼ਹੀਦਾਂ ਦੀ,
ਅਜ ਆਜ਼ਾਦੀ ਮਾਨ ਰਹੇ ਜੋ ਸਾਰੀ ਕਿਰਤ ਸ਼ਹੀਦਾਂ ਦੀ,
ਕਰ ਕੇ ਸਭ ਕੁਝ ਦਿੱਲੋਂ ਭੁਲਾਣਾ, ਹੁੰਦੀ ਬਾਣ ਸ਼ਹੀਦਾਂ ਦੀ ।

ਦੇਸ਼ ਦੀ ਖ਼ਾਤਰ ਮਰ ਮਿਟ ਜਾਣਾਂ, ਹੁੰਦੀ ਬਾਣ ਸ਼ਹੀਦਾਂ ਦੀ,
ਖ਼ੁਦ ਬਰਬਾਦ ਹੋ ਕੁਝ ਨਾਂ ਚਾਹਣਾਂ, ਹੁੰਦੀ ਬਾਣ ਸ਼ਹੀਦਾਂ ਦੀ ।

* * * * *



Sri Satguru Jagjit Singh Ji eLibrary NamdhariElibrary@gmail.com

# ਗੀਤ ਸ਼ਹੀਦਾਂ ਦੇ

ਗਾਵੋ ਦਿਨ ਤੇ ਰਾਤ ਇਹ ਗੀਤ ਸ਼ਹੀਦਾਂ ਦੇ,
ਦੇਵਨ ਹਰ ਸੌਗਾਤ ਇਹ ਗੀਤ ਸ਼ਹੀਦਾਂ ਦੇ ।

ਜੋ ਉਹਨਾਂ ਨੂੰ ਯਾਦ ਨੇ ਰੱਖਦੇ, ਦੁੱਖ ਸ਼ਹੀਦ ਉਹਨਾਂ ਦੇ ਹਰਦੇ,
ਟਾਲਣ ਹਰ ਆਫ਼ੱਤ ਇਹ ਗੀਤ ਸ਼ਹੀਦਾਂ ਦੇ ।

ਦੱਸਣਾ ਕਹਿਣ ਆਜ਼ਾਦੀ ਮਾਣੋ, "ਕਿਵੇਂ" ਆਜ਼ਾਦੀ ਮਿਲਦੀ ਜਾਣੋ,
ਦੇਣ ਦਲੇਰੀ ਦਾਤ ਇਹ ਗੀਤ ਸ਼ਹੀਦਾਂ ਦੇ ।

ਤੋਪਾਂ ਮੂਹਰੇ ਖੜਨ ਸਿਖਾਂਦੇ, ਕੱਦ ਛੋਟੈ ਤਾਂ ਢੇਰ ਬਣਾਂਦੇ,
ਉੱਚੀ ਕਰਨ ਔਕਾਤ ਇਹ ਗੀਤ ਸ਼ਹੀਦਾਂ ਦੇ ।

ਧਰਮੋਂ ਹਟਕਦਿਆਂ ਦੀ ਦਾੜ੍ਹੀ ਘੁੱਟ ਕੇ ਫੜ ਲੌ ਊਠ ਜਿਓਂ ਝਾੜੀ,
ਬਦਲਣ ਸਭ ਹਾਲਾਤ ਇਹ ਗੀਤ ਸ਼ਹੀਦਾਂ ਦੇ ।

ਸੁਣ "ਅਮਰੀਕ" ਇਹ ਲੰਮੀਆਂ ਗੱਲਾਂ ਮਾਰੀਆਂ ਬਹੁਤ ਸ਼ਹੀਦਾਂ ਦਾ ਮੱਲਾਂ,
ਰਾਤ ਕਰਨ ਪਰਭਾਤ ਇਹ ਗੀਤ ਸ਼ਹੀਦਾਂ ਦੇ ।

* * * * *



Sri Satguru Jagjit Singh Ji eLibrary NamdhariElibrary@gmail.com

# ਸ਼ਹੀਦ ਹੀ ਉਸਾਰਦੇ

ਕੌਮਾਂ ਦਿਆਂ ਮਹਿਲਾਂ ਨੂੰ ਸ਼ਹੀਦ ਹੀ ਉਸਾਰਦੇ,
ਆਪਣੇ ਸਰੀਰਾਂ ਤਾਈਂ ਨੀਹਾਂ ਚ ਖਲ੍ਹਾਰਦੇ ।

ਦੇਸ਼ ਬਿਨਾਂ ਉਹਨਾਂ ਦਾ ਨਿਸ਼ਾਨਾ ਕੋਈ ਹੋਰ ਨਹੀਂ,
ਮੌਤ ਬਿਨਾਂ ਗੌਂਦੇ ਉਹ ਤਰਾਨਾਂ ਕੋਈ ਹੋਰ ਨਹੀਂ,
ਆਪਣੀ ਵਿਗਾੜ ਦਸ਼ਾ, ਦੇਸ਼ ਦੀ ਸੁਆਰ ਦੇ ।

ਆਪਣਿਆਂ ਚਾਵਾਂ ਅਤੇ ਰੀਝਾਂ ਨੂੰ ਤਿਆਗਦੇ,
ਦੇਸ਼ ਦੀ ਭਲਾਈ ਲਈ ਰਹਿੰਦੇ ਸਦਾ ਜਾਗਦੇ,
ਵਤਨ ਦੇ ਹਿੱਤਾਂ ਲਈ ਆਪੇ ਨੂੰ ਵਿਸਾਰਦੇ ।

ਰੰਬੀਆਂ ਦੇ ਨਾਲ ਕਈ ਖੋਪਰ ਲੁਹਾ ਗਏ,
ਆਰਿਆਂ ਦੇ ਨਾਲ ਕਈ ਆਪਾ ਚਿਰਵਾ ਗਏ,
ਬੰਦ ਬੰਦ ਕੱਟੇ ਜਾਣ, ਸੀ ਵੀ ਨਾਂ ਉਚਾਰ ਦੇ ।

ਬਿਨਾਂ ਸੀਸ ਜੁਝ ਜੰਗਾਂ ਕਈ ਉਹਨਾਂ ਜਿੱਤੀਆਂ,
ਲਹੂ ਮਿੱਝ ਨਾਲ ਕੰਧਾਂ ਕੌਮ ਦੀਆਂ ਲਿੱਪੀਆਂ,
ਤਪੀ ਹੋਈ ਤਵੀ ਉਤੇ ਬੈਠ ਉਹਨੂੰ ਠਾਰਦੇ ।

ਫਾਂਸੀਆਂ ਦੇ ਰੱਸੇ ਚੁੰਮ ਚੁੰਮ ਗਲੀਂ ਪਾਂਦੇ ਨੇ,
ਜਾਨਾਂ ਵਾਰ ਆਨ ਬਾਨ ਦੇਸ਼ ਦੀ ਬਚਾਂਦੇ ਨੇ,
ਗਿਣੇ ਨਹੀਂ ਜਾਂਦੇ ਜਿਹੜੇ ਦੁੱਖੜੇ ਸਹਾਰਦੇ ।



Sri Satguru Jagjit Singh Ji eLibrary NamdhariElibrary@gmail.com

ਤੋਪਾਂ ਅੱਗੇ ਛਾਲਾਂ ਮਾਰ ਮਾਰ ਕੇ ਖਲੋਂਦੇ ਨੇ,
ਗੋਲਿਆਂ ਦੇ ਹਾਰ ਗਲਾਂ ਵਿੱਚ ਪਏ ਸੋਹੰਦੇ ਨੇ,
ਕੱਦ ਨਹੀਂ ਪੂਰਾ ਢੇਰੀ ਢੀਮਾਂ ਦੀ ਉਸਾਰਦੇ ।

ਗਏ ਪਰਦੇਸੀਂ ਅਜੇ ਤੀਕ ਨਹੀਂ ਆਏ ਨੇ,
ਪਤਾ ਨਹੀਂ ਕਿਥੇ ਜਾਕੇ ਪੱਕੇ ਡੇਰੇ ਲਾਏ ਨੇ,
ਲੰਘ ਗਏ ਹਜ਼ਾਰਾਂ ਦਿਨ ਬਸੰਤ ਤੇ ਬਹਾਰ ਦੇ ।

ਲੰਮੀ "ਅਮਰੀਕ" ਇਹ ਸ਼ਹੀਦਾਂ ਦੀ ਕਹਾਣੀ ਏ,
ਬੱਸ ਕਰ ਤੈਥੋਂ ਸਾਰੀ ਲਿਖੀ ਨਹੀਂ ਜਾਣੀ ਏ,
ਸ਼ਰਧਾ ਦੇ ਫੁੱਲ ਉਹਨਾਂ ਤਾਈਂ ਬੇ-ਸ਼ੁਮਾਰ ਦੇ ।

ਕੌਮਾਂ ਦਿਆਂ ਮਹਿਲਾਂ ਨੂੰ ਸ਼ਹੀਦ ਹੀ ਉਸਾਰਦੇ,
ਆਪਣੇ ਸਰੀਰਾਂ ਤਾਈਂ ਨੀਹਾਂ ਚ' ਖਲ੍ਹਾਰਦੇ ।

* * * * *


Sri Satguru Jagjit Singh Ji eLibrary NamdhariElibrary@gmail.com

# ਆਓ ਯਾਦ ਸ਼ਹੀਦਾਂ ਦੀ ਮਨਾਈਏ

ਆਓ ਯਾਦ ਸ਼ਹੀਦਾਂ ਦੀ ਮਨਾਈਏ,
ਆਪਣੇ ਕਮੀਂ ਕਾਜੀਂ ਰੁੱਝ ਕੇ ਭੁੱਲ ਨਾਂ ਉਹਨਾਂ ਨੂੰ ਜਾਈਏ।

ਸਾਡੇ ਲਈ ਜੋ ਵਾਰ ਗਏ ਜਾਨਾਂ, ਸਦ ਸਦ ਸੀਸ ਨਿਵਾਈਏ,
ਜਿੰਨ੍ਹਾਂ ਗੁਲਾਮੀ ਸੰਗਲ ਤੋੜੇ, ਆਜ਼ਾਦੀ ਦਿਲਵਾਈ ਏ ।

ਗ਼ੈਰ ਹਕੂਮਤ ਰਹਿਣ ਨਾਂ ਦੇਣੀ, ਸਭ ਨੂੰ ਆਖ ਸੁਣਾਈਏ,
ਕੱਦ ਮਧਰੈ ਜੇ ਤੋਪ ਦੇ ਮੂਹਰੇ, ਢੀਮਾਂ ਦੇ ਢੇਰ ਬਨਾਈਏ ।

ਤੋਪ ਹੁਕਮ ਬਿਨ ਚਲ ਨਹੀਂ ਸਕਣੀ, ਆਇਆ ਹੁਕਮ ਚਲਾਈਏ,
ਕਹੇ ਬਿਸ਼ਨ ਜੋ ਧਰਮ ਛੁਡਾਵੇ, ਦਾੜ੍ਹੀ ਪਕੜ ਹਿਲਾਈਏ ।

ਤੱਤੀਆਂ ਤਵੀਆਂ ਦੇਗ ਉਬਲਦੀ, ਇੱਕ ਇੱਕ ਬੰਦ ਕਟਵਾਈਏ,
ਆਰੇ ਰੰਬੀਆਂ ਤਲਵਾਰਾਂ ਤੋਂ ਭੈ ਤਿਲ ਭਰ ਨਾਂ ਖਾਈਏ ।

ਸੀਸ ਬਿਨਾਂ ਵੈਰੀ ਸੰਗ ਲੜ ਕੇ, ਕੀਤੇ ਕੌਲ ਨਿਭਾਈਏ,
ਫਾਂਸੀ ਦੇ ਫੱਟਿਆਂ ਤੇ ਚੜ੍ਹ ਕੇ, ਖ਼ੁਦ ਫਾਂਸੀ ਗੱਲ ਪਾਈਏ ।

ਸੂਰਮਿਆਂ ਦੀ ਗਾਥਾ ਹਰਦਮ ਕਹਿਣੋਂ ਨਾਂ ਸ਼ਰਮਾਈਏ,
ਐ ਅਮਰੀਕ ਅਹਿਸਾਨ ਉਹਨਾਂ ਦੇ ਕਦੇ ਵੀ ਨ ਭੁਲ ਜਾਈਏ ।



Sri Satguru Jagjit Singh Ji eLibrary NamdhariElibrary@gmail.com

# ਸ਼ਹੀਦ ਊਧਮ ਸਿੰਘ

ਊਧਮ ਸਿੰਘ ਸ਼ਹੀਦ ਸੁਨਾਮ ਦਾ ਸੀ, ਉੱਚੀ ਕੀਤੀ ਜਿਸ ਸ਼ਾਨ ਪੰਜਾਬੀਆਂ ਦੀ,
ਜਲ੍ਹਿਆਂ ਵਾਲੇ ਦੇ ਸਾਕੇ ਦਾ ਲੈ ਬਦਲਾ, ਰੱਖੀ ਅਣਖ ਤੇ ਆਨ ਪੰਜਾਬੀਆਂ ਦੀ,
ਵੈਰੀ ਕਿੱਡੇ ਪੰਜਾਬੀ ਇਹ ਵੇਖਦੇ ਨਹੀਂ, ਬਣੀ ਆਈ ਏ ਬਾਨ ਪੰਜਾਬੀਆਂ ਦੀ,
ਲਹੂ ਨਾਲ ਇਤਹਾਸ ਦੇ ਲਿਖਣ ਪੱਤਰੇ, ਆਦਤ ਮੁਢੋਂ ਮਹਾਨ ਪੰਜਾਬੀਆਂ ਦੀ ।

ਖੂੰਨੀ ਵੇਖੀ ਵਸਾਖੀ ਜਾਂ ਆਪ ਅੱਖੀਂ, ਮਨ ਵਿੱਚ ਪੱਕੀ ਇਹ ਸੂਰਮੇ ਧਾਰ ਲਈ ਸੀ,
ਬਦਲਾ ਲਵਾਂਗਾ ਤੈਥੋਂ ਜਰੂਰ ਬਿੱਲਿਆ ਜੀਣ ਤੇਰਾ ਬੱਸ ਦਿਨ ਦੋ ਚਾਰ ਲਈ ਸੀ,
ਪੁੱਜਿਆ ਜਾ ਇੰਗਲੈਂਡ ਅਸੰਬਲੀ ਵਿੱਚ, ਪੁੱਸਤਕ ਇੱਕ ਐਸੀ ਕੱਛੇ ਮਾਰ ਲਈ ਸੀ,
ਜਿਸਦੇ ਵਿੱਚ ਛੁਪਾਇਆ ਪਸਤੌਲ ਛੋਟਾ, ਮਨ ਵਿੱਚ ਡਾਇਰ ਦੀ ਮੂਰਤ ਉਤਾਰ ਲਈ ਸੀ।

ਭਾਰਤ ਵਾਸੀਆਂ ਨੂੰ ਮੰਦਾ ਬੋਲਦੇ ਨੂੰ, ਸੀਨੇ ਵਿੱਚ ਉਸਨੇ ਗੋਲੀ ਠਾਹ ਮਾਰੀ,
ਡਰਦੇ ਬੈਂਚਾਂ ਦੇ ਹੇਠ ਸਭ ਲਾਟ ਵੜ ਗਏ, ਪਿਸਟਲ ਸੂਰਮੇ ਪਰਾਂ ਵਗਾਹ ਮਾਰੀ,
ਫੜਿਆ ਗਿਆ ਸਿਪਾਹੀਆਂ ਨੂੰ ਪੁੱਛਦਾ ਏ, ਮਰਿਆ ਹੈ ਕਿ ਐਵੇਂ ਹੀ ਹਾਹ ਮਾਰੀ,
ਕਹਿਣ ਲੱਗਾ ਕਿ ਮੋਰਚਾ ਫਤੇ ਹੋਇਆ, ਪੂਰੀ ਹੋਈ ਜੋ ਕੀਤੀ ਸਲਾਹ ਸਾਰੀ।

ਲੰਡਨ ਕੰਬਿਆ ਕੰਬ ਗਈ ਰਾਜਨੀਤੀ, ਇੰਗਲਿਸਤਾਨ ਅੰਦਰ ਹਾਹਾਕਾਰ ਮੱਚੀ,
ਫ਼ੇਲ ਹੋਏ ਸੁਰਖਿਆ ਪਰਬੰਧ ਸਾਰੇ, ਨਿਕਲੀ ਸਾਰੀ ਜਾਸੂਸੀ ਕਤਾਰ ਕੱਚੀ,
ਫਾਂਸੀ ਚੜ੍ਹਿਆ ਅੰਗਰੇਜ਼ਾਂ ਤੋਂ ਲੈ ਬਦਲਾ, ਕੀਤੀ ਊਧਮ ਸਿੰਘ ਮਾਰੀ ਭਬਕਾਰ ਸੱਚੀ,
ਸਮਾਚਾਰ ਜਾਂ ਅਪੜਿਆ ਵਿੱਚ ਭਾਰਤ, ਜੰਤਾ ਖੁਸ਼ੀ ਵਿੱਚ ਖਿੱਲੀਆਂ ਮਾਰ ਨੱਚੀ।

ਮਾਨ ਵਾਲੇ ਆਜ਼ਾਦੀ ਕੀ ਜਾਣਦੇ ਨੇ, ਕਿਵੇਂ ਲਈ ਆਜ਼ਾਦੀ ਬਹਾਦਰਾਂ ਨੇ,
ਕੱਟੀਆਂ ਉਮਰ ਕੈਦਾਂ, ਚੜ੍ਹੇ ਫਾਂਸੀਆਂ ਤੇ ਗੋਲੀ ਸੀਨੇ ਚ ਖਾਧੀ ਬਹਾਦਰਾਂ ਨੇ,
ਬਣਕੇ ਪਰਬਤ ਖਲੋ ਗਏ ਜ਼ੁਲਮ ਅੱਗੇ, ਹਰ ਇੱਕ ਝੱਲੀ ਉਪਾਧੀ ਬਹਾਦਰਾਂ ਨੇ,
ਜਾਨ ਮਾਲ ਦੀ ਨਹੀਂ ਪਰਵਾਹ ਕੀਤੀ, ਕਰੀ ਮੌਤ ਸੰਗ ਸ਼ਾਦੀ ਬਹਾਦਰਾਂ ਨੇ ।

* * * * *



Sri Satguru Jagjit Singh Ji eLibrary NamdhariElibrary@gmail.com

# ਵਾਰਿਆ ਜਿਸ ਨੇ ਪੂਰੇ ਪਰਿਵਾਰ ਨੂੰ

ਕੌਣ ਹੈ ਵਾਰਿਆ ਜਿਸ ਨੇ ਸਾਰੇ ਪਰਿਵਾਰ ਨੂੰ,
ਲੋਕਾਂ ਲਈ ਤਜਿਆ ਜਿਸ ਨੇ ਪੁੱਤਰ ਪਿਆਰ ਨੂੰ ।

ਪਿਤਾ ਨੂੰ ਘੱਲਿਆ ਦਿੱਲੀ ਸੀਸ ਕਟਵਾਣ ਲਈ,
ਹਿੰਦੂਆਂ ਦੀ ਰੁੜਦੀ ਜਾਂਦੀ ਇੱਜ਼ਤ ਬਚਾਣ ਲਈ,
ਬਦਲਣ ਲਈ ਭਾਰਤ ਮਾਂ ਦੀ ਵਿਗੜੀ ਨੁਹਾਰ ਨੂੰ ।

ਵੱਡਿਆਂ ਨੂੰ ਚਾੜ੍ਹਿਆ ਉਸ ਨੇ ਭੇਟਾ ਚਮਕੌਰ ਦੀ,
ਵੇਖੀ ਫਿਰ ਜਦੋਂ ਉਸ ਨੇ ਏਦਾਂ ਨਹੀਂ ਸੌਰ ਦੀ,
ਮਾਤਾ ਤੋਂ ਛੋਟੇ ਤੋਰੇ ਅਗਲੇ ਸੰਸਾਰ ਨੂੰ ।

ਪੰਜ ਪਿਆਰੇ ਵੀ ਨਾਂ ਰਹੇ ਜਦ ਪਾਸ ਨੇ,
ਛੱਡੇ ਨਾਂ ਫੇਰ ਵੀ ਉਸ ਨੇ ਹੋਸ਼ੋ ਹਵਾਸ ਨੇ,
ਕੋਈ ਨਿਵਾ ਨਾਂ ਸੱਕਿਆ ਜੋਧੇ ਬਲਕਾਰ ਨੂੰ ।

ਸੂਲਾਂ ਦੀ ਸੇਜ ਤੇ ਸੁੱਤਾ ਲੀੜੇ ਵੀ ਪਾਟ ਗਏ,
ਕਿੱਥੇ ਸੀ ਕਲਗੀ ਤੋੜਾ, ਕਿਥੇ ਸਭ ਠਾਠ ਗਏ,
ਹਿੰਦੂ ਧਰਮ ਲਈ ਝੱਲਿਆ ਸਾਰੀ ਇਸ ਮਾਰ ਨੂੰ ।

ਖੰਡੇ ਦਾ ਪੀ ਕੇ ਅੰਮ੍ਰਿਤ ਬਣ ਗਏ ਸਭ ਸ਼ੇਰ ਸਨ,
ਬਾਜਾਂ ਨੂੰ ਮਾਰ ਕੇ ਚਿੜੀਆਂ ਲਾ ਦਿੱਤੇ ਢੇਰ ਸਨ,
ਫੜਿਆ ਉਸ ਜ਼ੁਲਮ ਦੇ ਸਾਹਵੇਂ ਹੱਥ ਵਿੱਚ ਹਥਿਆਰ ਨੂੰ ।

ਦੋਵਾਂ ਤੋਂ ਇੱਕ ਕਰ ਦੇਣਾ ਜ਼ਾਲਮਾਂ ਨੇ ਚਾਹਿਆ ਸੀ,
ਤੀਜਾ ਇੱਕ ਪੰਥ ਖ਼ਾਲਸਾ ਰੱਚ ਕੇ ਦਿਖਲਾਇਆ ਸੀ,
ਦਿੱਤਾ ਸੀ ਤੋੜ ਓਸ ਨੇ ਹੈਂਕੜ ਹੰਕਾਰ ਨੂੰ ।


Sri Satguru Jagjit Singh Ji eLibrary NamdhariElibrary@gmail.com

ਝੁੱਲਿਆ ਤੂਫ਼ਾਨ ਜਬਰ ਦਾ ਠੱਲਿਆ ਸੀ ਓਸ ਨੇ,
ਲੋਕਾਂ ਲਈ ਹਰ ਦੁੱਖ ਸਿਰ ਤੇ ਝੱਲਿਆ ਸੀ ਓਸ ਨੇ,
ਦੱਸਿਆ ਹੈ ਜਾਇਜ਼ ਅਣਖ ਲਈ ਚੁੱਕਣਾ ਤਲਵਾਰ ਨੂੰ ।

ਉਹ ਸੀ ਦਸ਼ਮੇਸ਼ ਪਿਤਾ ਜੋ ਹਿੰਦੂਤਵ ਬਚਾ ਗਿਆ,
ਲੋਕਾਂ ਨੂੰ ਜ਼ੁਲਮਾਂ ਸਾਹਵੇਂ ਅੜਣਾ ਸਿਖਾ ਗਿਆ,
ਤੂੰ ਵੀ "ਅੰਮਰੀਕ" ਬਦਲ ਦੇ ਆਪਣੇ ਕਿਰਦਾਰ ਨੂੰ ।

* * * * *


Sri Satguru Jagjit Singh Ji eLibrary NamdhariElibrary@gmail.com

# ਹਿੰਦ ਨੂੰ ਲਿਆ ਬਚਾਇ

ਸੀਸ ਵਾਰ ਕੇ ਰੁੜ੍ਹਦੀ ਜਾਂਦੀ ਹਿੰਦ ਨੂੰ ਲਿਆ ਬਚਾਇ,
ਤੇਗ ਬਹਾਦਰ ਸਿਮਰੀਏ ਘਰ ਨਓ ਨਿਧ ਆਵੇ ਧਾਇ ।

ਦੁਖੀ ਹੋਏ ਕਸ਼ਮੀਰੀ ਪੰਡਤ ਆਏ ਗੁਰੂ ਕੀ ਸਰਨੀ,
ਜ਼ਾਲਮ ਰਾਜ ਹੈ ਕਹਿੰਦਾ ਸਤਿਗੁਰੁ ਇੱਕ ਉਮੱਤ ਹੈ ਕਰਨੀ,
ਬਚ ਪਾਵਾਂਗੇ ਤਾਂ ਹੀ ਜੇਕਰ ਹੋਵੋ ਆਪ ਸਹਾਏ ।

ਗੁਰਾਂ ਕਿਹਾ ਕਿ ਹਿੰਦੂ ਧਰਮ ਤਾਂ ਮੰਗਦਾ ਹੈ ਕੁਰਬਾਨੀ,
ਬਿਨ ਕੁਰਬਾਨੀ ਬਚ ਨਹੀਂ ਸਕਣਾ ਹੋਵੇਗੀ ਅਤ ਹਾਨੀ,
ਕੌਣ ਹੋਵੇ ਜੋ ਸੀਸ ਦਾ ਤੁਹਫਾ ਧਰਮ ਦੀ ਝੋਲੀ ਪਾਏ ।

ਬਾਲ ਗੁਰੂ ਗੋਬਿੰਦ ਰਾਇ ਨੇ ਕਿਹਾ ਪਿਤਾ ਜੀ ਸੁਣਿਓ,
ਅਪਣੇ ਬਿਨਾਂ ਨਾ ਹੋਰ ਕਿਸੇ ਨੂੰ ਏਸ ਕੰਮ ਲਈ ਚੁਣਿਓ,
ਤੁਸਾਂ ਤੋਂ ਵੱਡਾ ਕੌਣ ਹੈ ਜਿਹੜਾ ਸੀਸ ਨੂੰ ਭੇਟ ਚੜ੍ਹਾਏ ।

ਖੁਸ਼ ਹੋਕੇ ਗੁਰ ਬੋਲੇ ਚੰਗਾ ਸਾਂਭੋ ਕਾਰ ਇਹ ਸਾਰੀ,
ਦਿੱਲੀ ਜਾਕੇ ਸੀਸ ਦੇਣ ਲਈ ਕਰੀਏ ਹੁਣੇ ਤਿਆਰੀ,
ਧਰਮ ਲਈ ਹੁਣ ਸੀਸ ਵਾਰਨਾ ਮਨ ਨੂੰ ਲਿਆ ਮਨਾਏ ।

ਸਤੀ ਦਾਸ ਤੇ ਮਤੀਦਾਸ ਅਤੇ ਨਾਲ ਦਿਆਲਾ ਲੀਤਾ,
ਸਿਰ ਦੇਵਨ ਲਈ ਮਜਲੋ ਮਜ਼ਲੀ ਦਿੱਲੀ ਦਾ ਰੁੱਖ ਕੀਤਾ,
ਮਰ ਜਾਣੈ ਪਰ ਧਰਮ ਨਹੀਂ ਛੱਡਣਾ, ਮਨਾਂ ਚ ਮਤੇ ਪਕਾਏ ।

ਕਿਹਾ ਕਾਜ਼ੀਆਂ ਸੁਨੋ ਬੰਦਿਓ ਜਾਂ ਇਸਲਾਮ ਕਬੂਲੋ,
ਜਾਂ ਮਰਨੈ ਅਣਆਈ ਮੌਤੇ ਕੀ ਕਰਨਾਂ ਏ ਬੋਲੋ,
ਸੋਚ ਲਵੋ ਪਛਤਾਓਗੇ ਫਿਰ ਵਕਤ ਜਾਂ ਗਿਆ ਵਿਹਾਏ ।



Sri Satguru Jagjit Singh Ji eLibrary NamdhariElibrary@gmail.com

ਕਿਹਾ ਗੁਰਾਂ ਨੇ ਧਰਮ ਨਹੀਂ ਛੱਡਣਾਂ ਛੱਡ ਜਾਵਾਂਗੇ ਚੋਲਾ,
ਕੌਮ ਦੀ ਖ਼ਾਤਰ ਲਾ ਦੇਵਾਂਗੇ ਹੀਰਾ ਜਨਮ ਅਮੋਲਾ,
ਸੁਣ ਕੇ ਕਾਜ਼ੀ ਮੁੱਲਾਂ ਸਾਰੇ ਬਹੁਤ ਗੁੱਸੇ ਵਿੱਚ ਆਏ ।

ਸਤੀ ਦਾਸ ਨੂੰ ਰੂੰ ਵਿੱਚ ਬੰਨ੍ਹ ਕੇ ਜਾਬਰਾਂ ਨੇ ਅੱਗ ਲਾਈ,
ਦੇਗ਼ ਦੇ ਵਿੱਚ ਉਬਾਲ ਦਿਆਲਾ ਜ਼ੁਲਮ ਦੀ ਹੱਦ ਮੁਕਾਈ,
ਮਤੀ ਦਾਸ ਨੇ ਦੇਹ ਆਪਣੀ ਦੇ ਦੋ ਟੋਟੇ ਕਰਵਾਏ ।

ਗੁਰਾਂ ਨੂੰ ਦਿੱਤੇ ਬਹੁਤ ਤਸੀਹੇ ਲੋਹ ਪਿੰਜਰੇ ਵਿੱਚ ਪਾਕੇ,
ਸ਼ਾਂਤ ਚਿੱਤ ਪਰ ਰਹੇ ਗੁਰੂ ਜੀ ਬੈਠੇ ਸ਼ੁਕਰ ਮਨਾਕੇ,
ਸਾਡੇ ਸੁਖਾਂ ਦੀ ਖ਼ਾਤਰ ਆਪ ਨੇ ਬਹੁਤੇ ਕਸ਼ਟ ਉਠਾਏ ।

ਜਪੁਜੀ ਸਾਹਿਬ ਦਾ ਪਾਠ ਗੁਰਾਂ ਨੇ ਜਿਸ ਵੇਲੇ ਕਰ ਲੀਤਾ,
ਕਰ ਕੇ ਵਾਰ ਜੱਲਾਦ ਨੇ ਆਖ਼ਰ ਸਿਰ ਧੜ ਤੋਂ ਅੱਡ ਕੀਤਾ,
ਕੌਣ ਹੋਵੇ ਗੁਰ ਜੈਸਾ ਜਿਹੜਾ ਧਰਮ ਲਈ ਕਸ਼ਟ ਉਠਾਏ ।

ਭਾਈ ਜੈਤੇ ਸੀਸ ਗੁਰਾਂ ਦਾ ਪੁਰੀ ਆਨੰਦ ਪੁਚਾਇਆ,
ਧੜ ਲੱਖੀ ਵਣਜਾਰੇ ਖੜ ਕੇ ਘਰ ਨੂੰ ਲਾਂਬੂ ਲਾਇਆ,
ਅੱਜ ਸ਼ਹੀਦੀ ਸਾਕੇ ਨੇ "ਅਮਰੀਕ" ਜਿਹਾਂ ਨੇ ਗਾਏ ।

* * * * *


Sri Satguru Jagjit Singh Ji eLibrary NamdhariElibrary@gmail.com

# ਸਦ ਪ੍ਰਣਾਮ ਕਰੋ

ਸਦ ਪ੍ਰਣਾਮ ਕਰੋ, ਗੁਰੂ ਜੀ ਗੋਬਿੰਦ ਨੂੰ,
ਵਾਰ ਪ੍ਰਵਾਰ ਹੈ ਬਚਾਇਆ ਜਿਸ ਹਿੰਦ ਨੂੰ ।

ਜ਼ੁਲਮਾਂ ਦੀ ਹੱਦ ਜਦੋਂ ਹਿੰਦ ਵਿੱਚ ਹੋਈ ਸੀ,
ਹਿੰਦੂਆਂ ਨੂੰ ਉੱਕਾ ਹੀ ਨਾਂ ਮਿਲੀ ਕਿਤੇ ਢੋਈ ਸੀ,
ਪਿਆਰ ਨਹੀਂ ਕੀਤਾ, ਉਸ ਪਿਤਾ ਜੀ ਦੀ ਜਿੰਦ ਨੂੰ ।

ਸਿੱਖੀ ਨੂੰ ਪਿਉਂਦ ਲਾਕੇ ਕੀਤਾ ਸਰਜੀਤ ਸੀ,
ਖੰਡੇ ਦੀ ਪਿਆ ਕੇ ਪਹੁਲ ਛੇੜਿਆ ਵਿਜੇ ਗੀਤ ਸੀ,
ਟੁੰਬ ਦਿੱਤਾ ਭਾਰਤ ਦੀ ਸੁੱਤੀ ਪਈ ਕਿੰਦ ਨੂੰ ।

ਲੱਖਾਂ ਨਾਲ ਇੱਕ ਨੂੰ ਲੜਾਇਆ ਦਸ਼ਮੇਸ਼ ਨੇ,
ਸਦੀਆਂ ਦੀ ਜ਼ਿੱਲਤੋਂ ਬਚਾਇਆਂ ਦਸਮੇਸ਼ ਨੇ,
ਹੂੰਝਿਆਂ ਗੁਲਾਮੀ ਵਾਲੇ ਸਾਰੇ ਗੰਦ ਮੰਦ ਨੂੰ ।

ਚਾਰੇ ਪੁੱਤ ਵਾਰ ਕਿਹਾ ਧੰਨ ਮੇਰੇ ਭਾਗ ਨੇ,
ਹੋਏ ਨੇ ਸ਼ਹੀਦ ਲਾ ਗਏ ਸਿੱਖੀ ਤਾਈਂ ਜਾਗ ਨੇ,
ਯਾਦ ਕਰੋ ਉਸ ਮਰਦਾਨਗੀ ਦਹਿੰਦ ਨੂੰ ।

ਉਹਦੇ ਕਾਰਨਾਮਿਆਂ ਦੀ ਲੜੀ ਬਹੁਤ ਲੰਮੀ ਏ,
ਸਬਰਾਂ ਨੇ ਜਬਰਾਂ ਦੀ ਕਾਂਗ ਚੜ੍ਹੀ ਥੰਮੀ ਏ,
ਦਿੱਤਾ ਸਤਿਕਾਰ ਹੈ ਬਹਾਦਰੀ ਦੀ ਬਿੰਦ ਨੂੰ ।

ਦੋਹਾਂ ਤੋਂ ਸੀ ਇੱਕ ਉਹਨਾਂ ਕਰ ਦੇਣਾ ਲੋੜਿਆ,
ਦਸਵੇਂ ਗੁਰਾਂ ਨੇ ਤੀਜਾ ਪੰਥ ਹੋਰ ਜੋੜਿਆ,
ਤੋੜ ਦਿੱਤਾ ਜਾਬਰਾਂ ਦੇ ਅੰਤਰ-ਦਵਿੰਦ ਨੂੰ ।

ਕਹੇ "ਅਮਰੀਕ" ਉਹਦਾ ਸ਼ੁਕਰ ਗੁਜ਼ਾਰੀਏ,
ਉਹਦੇ ਉਪਕਾਰਾਂ ਨੂੰ ਨਾ ਕਦੇ ਵੀ ਵਸਾਰੀਏ,
ਮਨਾਂ ਚ' ਵਸਾਈਏ ਆਓ ਸਦ ਬਖਸ਼ਿੰਦ ਨੂੰ ।



Sri Satguru Jagjit Singh Ji eLibrary NamdhariElibrary@gmail.com

# ਪ੍ਰਣਾਮ ਕਰ ਚੱਲੀਏ

ਸ਼ਹੀਦਾਂ ਦੀ ਪੱਵਿਤਰ ਧਰਤ ਨੂੰ ਪ੍ਰਣਾਮ ਕਰ ਚੱਲੀਏ,
ਅਕੀਦਤ ਦੇ ਦੋ ਫੁੱਲ ਉਹਨਾਂ ਦੀ ਥਾਂ ਤੇ ਆਓ ਧਰ ਚੱਲੀਏ ।

ਉਹਨਾਂ ਨੇ ਜਾਨ ਤੋਂ ਪਿਆਰੀ ਵਤਨ ਦੀ ਸ਼ਾਨ ਨੂੰ ਜਾਤਾ,
ਦਲੇਰੀ ਕਰ ਗਏ ਜਿਹੜੀ ਬੜੀ ਰੌਚਕ ਹੈ ਉਹ ਗਾਥਾ,
ਬਹਾਦਰ ਲੋਕ ਸਨ ਅੱਜ ਹਾਜ਼ਰੀ ਉਹਨਾਂ ਦੀ ਭਰ ਚੱਲੀਏ ।

ਉਹ ਸਦੀਆਂ ਦੀ ਗ਼ੁਲਾਮੀ ਨੂੰ ਜੜ੍ਹੋਂ ਪੱਟ ਕੇ ਵਖਾ ਗਏ ਨੇ,
ਜ਼ਲਾਲਤ ਹੀਣਤਾ ਸਾਰੀ ਨੂੰ ਖੂਹ ਵਿੱਚ ਸੁੱਟ ਵਖਾ ਗਏ ਨੇ,
ਉਹਨਾਂ ਦੀ ਕੀਰਤੀ ਗੌਂਦੇ ਹੋਏ ਹੀ ਆਓ ਘਰ ਚੱਲੀਏ ।

ਉਹ ਤੋਪਾਂ ਵੈਰਨਾਂ ਦਾ ਮੂੰਹ ਫਟਾ ਫਟ ਮੋੜ ਲੈਂਦੇ ਨੇ,
ਜੇ ਕੱਦ ਪੂਰਾ ਨਾਂ ਹੋਵੇ ਝੱਟ ਹੀ ਢੀਮਾਂ ਜੋੜ ਲੈਂਦੇ ਨੇ,
ਵਤਨ ਦਾ ਦਰਦ ਜੋ ਸਹਿ ਗਏ ਉਹ ਆਪਾਂ ਵੀ ਤਾਂ ਜਰ ਚੱਲੀਏ ।

ਉਹ ਹਾਕਮ ਦੀ ਪਕੜ ਦਾੜ੍ਹੀ ਨੂੰ ਝੂਣਾਂ ਮਾਰ ਦੇਂਦੇ ਨੇ,
ਜ਼ੁਲਮ ਦੀ ਅੱਗ ਨੂੰ ਆਪਣਾਂ ਖੂੰਨ ਪਾ ਕੇ ਠਾਰ ਦੇਂਦੇ ਨੇ,
ਕਹਿਣ ਬੁਜ਼ਦਿਲ ਨਹੀਂ ਜੋ ਧਮਕੀਆਂ ਦੇ ਨਾਲ ਡਰ ਚੱਲੀਏ ।

ਤਲੀ ਤੇ ਧਰ ਕੇ ਸਿਰ ਆਪਣਾ ਮੈਦਾਨੇ ਜੰਗ ਚ' ਨੇ ਜਾਂਦੇ,
ਤੇ ਆਪਣੀ ਹਰ ਖੁਸ਼ੀ ਨੂੰ ਦੇਸ਼ ਦੇ ਲੇਖੇ ਨੇ ਉਹ ਲਾਂਦੇ,
ਉਹ ਲਾੜੀ ਮੌਤ ਨੂੰ ਆਖਣ ਅਸੀਂ ਤੈਨੂੰ ਹੀ ਵਰ ਚੱਲੀਏ ।

* * * * *



Sri Satguru Jagjit Singh Ji eLibrary NamdhariElibrary@gmail.com

# ਗੁਰੂ ਅਰਜਨ ਦੇਵ ਜੀ

ਗੁਰੂ ਅਰਜਨ ਸ਼ਹੀਦੀ ਕਾਫ਼ਲੇ ਦੇ ਬਨ ਗਏ ਮੋਹਰੀ,
ਬਲੀਦਾਨਾਂ ਦੀ ਇੱਕ ਲੰਮੀ ਰਵਾਇਤ ਆਪ ਨੇ ਤੋਰੀ ।

ਜ਼ੁਲਮ ਸਹਿਣਾ ਤੇ ਰਹਿਣਾ ਸ਼ਾਂਤ ਸਾਨੂੰ ਆਪ ਨੇ ਦੱਸਿਆ,
ਕਿਵੇਂ ਲੋਕਾਂ ਦੀ ਬੋਲੀ ਨੂੰ ਕੋਈ ਬੰਦ ਕਰ ਸਕੇ ਜੋਰੀ ।

ਸ਼ਹਾਦਤ ਏਸ ਨੇ ਭਗਤੀ ਨੂੰ ਸ਼ਕਤੀ ਵਿੱਚ ਬਦਲ ਸੁੱਟਿਆ,
ਨਜ਼ਰ ਆਇਆ ਉਹ ਕੀ ਭਗਤੀ ਹੈ ਜੋ ਸ਼ਕਤੀ ਤੋਂ ਹੈ ਕੋਰੀ ।

ਤਵੀ ਤੱਤੀ ਨਹੀਂ ਲੱਗਦੀ, ਨ ਰੇਤਾ ਲੂਹ ਹੀ ਸਕਦਾ ਏ,
ਇਰਾਦੇ ਹੋਣ ਜੇ ਪੱਕੇ, ਨ ਟੁੱਟਦੀ ਧਰਮ ਦੀ ਡੋਰੀ ।

ਹਜ਼ਾਰਾਂ ਸਾਲ ਤੀਕਰ ਇਹ ਰਹੇਗੀ ਯਾਦ ਕੁਰਬਾਨੀ,
ਇਹ ਧਨ ਐਸਾ ਹੈ ਜਿਹੜਾ ਹੋ ਨਹੀਂ ਸਕਦਾ ਕਦੇ ਚੋਰੀ ।

ਉਹ ਕਰ ਗਏ ਦੂਰ ਕਾਇਮ ਹੱਦ ਨੇ ਸਬਰੋ ਤਹਮੱਲਦੀ,
ਕਿਹਾ ਕੇ ਆਉਣ ਵਾਲੀ ਨਸਲ ਖੇਡੂ ਖ਼ੂੰਨ ਦੀ ਹੋਰੀ ।

ਅਮਰ ਹੋ ਜਾਣ ਅਣਖਾਂ ਵਾਸਤੇ ਜਿਹੜੇ ਨੇ ਮਰ ਮਿਟ ਦੇ,
ਉਨ੍ਹਾਂ ਜ਼ਿਲਤ ਦੀ ਸੰਘਣੀ ਮੈਲ ਆਪਣੇ ਖ਼ੂੰਨ ਵਿੱਚ ਖੋਰੀ ।

ਚੜ੍ਹੇ ਲਾਲੀ ਸਦਾ ਉਹਨਾਂ ਨੂੰ ਮਹਿੰਦੀ ਵਾਂਗ ਜੋ ਪਿਸਦੇ,
ਮਦਦ ਆਪਣੀ ਜੋ ਕਰਦੇ ਨੇ ਕਦੀ ਆਵੇ ਨ ਕਮਜ਼ੋਰੀ ।

ਉਹ ਸਦੀਆਂ ਤੱਕ ਨਹੀਂ ਮਿਟਨੇ ਪਾਏ ਜੋ ਪੂਰਨੇ ਡੂੰਘੇ,
ਕਦੀ ਮਰਦੇ ਨਹੀਂ ਜਿੰਨ੍ਹਾਂ ਨੂੰ ਦੇਂਦੀ ਮੌਤ ਹੈ ਲੋਰੀ ।

ਤੂੰ ਐ "ਅਮਰੀਕ" ਆਪਣਾ ਕੀਮਤੀ ਜੀਵਨ ਗਵਾ ਨਾਹੀਂ,
ਵਤਨ ਦੇ ਵਾਸਤੇ ਲਾ ਦੇ ਤੂੰ ਤਨ ਦੀ ਇੱਕ ਇੱਕ ਪੋਰੀ ।



Sri Satguru Jagjit Singh Ji eLibrary NamdhariElibrary@gmail.com

# ਅਨੋਖੀ ਵਿਸਾਖੀ

ਮੁਬਾਰਕ ਵਿਸਾਖੀ ਦਾ ਦਿਨ ਐਸਾ ਆਇਆ,
ਗੁਰਾਂ ਅੱਜ ਧਰਮ ਦੀ ਕਰੀ ਕਲਪ ਕਾਇਆ ।

ਲੈ ਤਲਵਾਰ ਹੱਥ ਇੱਕ ਲਲਕਾਰ ਮਾਰੀ,
ਦਿਓ ਸਿਰ ਜ਼ੁਲਮ ਦਾ ਜੇ ਕਰਨੈ ਸਫ਼ਾਇਆ ।

ਸਿਰਫ਼ ਪੰਜ ਨਿਕਲੇ ਹਜ਼ਾਰਾਂ ਸੀ ਬੈਠੇ,
ਤਲੀ ਉੱਤੇ ਜਿੰਨ੍ਹਾਂ ਨੇ ਸਿਰ ਨੂੰ ਟਿਕਾਇਆ ।

ਧਰਮ ਤੇ ਅਣਖ ਦੇ ਲਈ ਮਰ ਮਿਟਣ ਦਾ,
ਸੀ ਖੰਡੇ ਦਾ ਅੰਮ੍ਰਿਤ ਛਕਾ ਖੌਫ਼ ਲਾਹਿਆ ।

ਤਜਰਬਾ ਕਰਨ ਲਈ ਵਖਾਇਆ ਕ੍ਰਿਸ਼ਮਾਂ,
ਸੀ ਬਾਜਾਂ ਨੂੰ ਚਿੜੀਆਂ ਤੋਂ ਸਾਹਵੇਂ ਤੁੜਾਇਆ ।

ਦੱਬੇ ਕੁਚਲੇ ਲੋਕਾਂ ਨੂੰ ਉਸ ਪਾਣ ਚਾੜ੍ਹੀ,
ਜਬਰ ਦੇ ਪਹਾੜਾਂ ਨੂੰ ਜਿੰਨ੍ਹਾਂ ਨੇ ਢਾਇਆ ।

ਪਿਤਾ ਪੁੱਤਰਾਂ ਮਾਤਾ ਦੇ ਮੋਹ ਨੂੰ ਵੀ ਤਜ ਕੇ,
ਸ਼ਹੀਦਾਂ ਦੇ ਬੇੜੇ ਤੇ ਸਭ ਨੂੰ ਚੜ੍ਹਾਇਆ ।

ਇੱਕਲੇ ਨੂੰ ਲੱਖਾਂ ਦੇ ਸਾਹਵੇਂ ਅੜਨ ਦਾ,
ਗੁਰੂ ਦਸਵੇਂ ਸੌਖਾ ਸਬਕ ਸੀ ਪੜ੍ਹਾਇਆ ।

ਬੇ ਅਣਖੇ ਜੀਵਨ ਤੋਂ ਮਰਨਾ ਚੰਗੇਰੈ,
ਅਣਖ ਨਾਲ ਜੀਵਨ ਦਾ ਰਸਤਾ ਵਖਾਇਆ ।

ਹਜ਼ਾਰਾਂ ਚੋਂ ਵੀ ਪਹਿਚਾਣਿਆ ਜੋ ਹੈ ਜਾਂਦਾ,
ਅਜੇਹਾ ਸੀ ਇੱਕ ਖਾਲਸਾ ਦਲ ਸਜਾਇਆ ।

ਐ "ਅਮਰੀਕ" ਇਸ ਸ਼ਾਨ ਮੱਤੀ ਸ਼ਕਲ ਨੂੰ,
ਹੈ ਕਿਓਂ ਅਜ ਦੀ ਪੀੜ੍ਹੀ ਨੇ ਦਿਲ ਤੋਂ ਭੁਲਾਇਆ ।



Sri Satguru Jagjit Singh Ji eLibrary NamdhariElibrary@gmail.com

# ਸ਼ਹੀਦਾਂ ਦੀ ਬਦੌਲਤ

ਸ਼ਹੀਦਾਂ ਦੀ ਬਦੌਲਤ ਹੀ ਅਸੀਂ ਆਜ਼ਾਦ ਫਿਰਦੇ ਹਾਂ,
ਉਹ ਖ਼ੁਦ ਵੀਰਾਨ ਹੋਏ ਪਰ ਅਸੀਂ ਆਬਾਦ ਫਿਰਦੇ ਹਾਂ ।

ਆਜ਼ਾਦੀ ਦੇ ਹਵਨ ਕੁੰਡ ਵਿੱਚ ਅਹੂਤੀ ਜਾਨ ਦੀ ਪਾਈ,
ਗ਼ੁਲਾਮੀ ਗ਼ਮ ਚ' ਡੁੱਬ ਜਾਂਦੇ ਜੋ ਅਜ ਦਿਲਸ਼ਾਦ ਫਿਰਦੇ ਹਾਂ ।

ਸ਼ਮਾਏ ਵਤਨ ਤੋਂ ਸੜ ਜਾਣ ਦਾ ਇੱਕੋ ਨਿਸ਼ਾਨਾ ਸੀ,
ਉਹਨਾਂ ਦੀ ਮਿਹਰਬਾਨੀ ਹੈ ਵਜਾਂਦੇ ਨਾਦ ਫਿਰਦੇ ਹਾਂ ।

ਬਿਨਾਂ ਗ਼ਰਜ਼ੋਂ ਬਿਨਾਂ ਲਾਲਚ ਤੋਂ ਸਨ ਕੁਰਬਾਨ ਉਹ ਹੋਏ,
ਜਿਨ੍ਹਾਂ ਦੀ ਕਿਓਂ ਅਸੀਂ ਸਾਰੇ ਭੁਲਾਈ ਯਾਦ ਫਿਰਦੇ ਹਾਂ ।

ਮੈਂ ਅਜ ਦੇ ਲੀਡਰਾਂ ਨੂੰ ਪੁੱਛਦਾ ਹਾਂ ਯਾਰੋ ਨਿਸ਼ੰਗ ਹੋਕੇ,
ਵਤਨ ਲਈ ਕੀਤਾ ਕੀ ਆਪਾਂ ਜੋ ਵਿੱਚ ਵਿਸਮਾਦ ਫਿਰਦੇ ਹਾਂ ।

ਅਸਾਨੂੰ ਸਰਫ਼ਰੋਸ਼ਾਂ ਦੀ ਤਾਂ ਗਿਣਤੀ ਵੀ ਨਹੀਂ ਆਉਂਦੀ,
ਪਤਾ ਨਹੀਂ ਕਿਹੜੀ ਗਲ ਤੇ ਅਜ ਬਣੇ ਉਸਤਾਦ ਫਿਰਦੇ ਹਾਂ ।

ਅਸਾਨੂੰ ਦਾਤ ਪਿਆਰੀ ਏ, ਮਗਰ ਦਾਤਾਰ ਹਾਂ ਭੁਲੇ,
ਵਤਨ ਲੁੱਟ ਖਾਣ ਦਾ ਛੇੜੀ ਅਸੀਂ ਸੰਵਾਦ ਫਿਰਦੇ ਹਾਂ ।

ਤੂੰ ਐ "ਅਮਰੀਕ" ਨੇਤਾਵਾਂ ਨੂੰ ਘਰ-ਘਰ ਜਾ ਕੇ ਇਹ ਕਹਿ ਦੇ,
ਇਹ ਲੁੱਟ ਰਹਿਣੀ ਨਹੀਂ ਜੋ ਪਾਲਦੇ ਔਲਾਦ ਫਿਰਦੇ ਹਾਂ ।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਕੇਸਾਂ ਦਾੜ੍ਹੀਆਂ ਸੰਗ ਸਰਦਾਰੀਆਂ ਨੇ

ਦਸਮ ਪਿਤਾ ਵੰਗਾਰ ਆਦੇਸ਼ ਦਿੱਤਾ, ਸਿੱਖ ਪਿਆਰਾ ਨਹੀਂ ਰਹਿਤਾਂ ਪਿਆਰੀਆਂ ਨੇ।
ਰਹਿਣੀ ਰਹੇ ਸੋ ਸਿਖ ਮੈਂ ਗੁਰੂ ਉਸਦਾ, ਗੱਲਾਂ ਕੀਤੀਆਂ ਜੱਗੋਂ ਨਿਆਰੀਆਂ ਨੇ।
ਜਦ ਤਕ ਰਹੇ ਨਿਆਰਾ ਸਭ ਤੇਜ ਵੰਡਾਂ, ਨਹੀਂ ਤੇ ਹੋਣੀਆਂ ਬਹੁਤ ਖੁਆਰੀਆਂ ਨੇ।
ਰਲ ਮਿਲ ਗਿਆ ਤਾਂ ਕੁਝ ਵੀ ਲੱਭਣਾ ਨਹੀਂ, ਲੱਗ ਜਾਣੀਆਂ ਸੱਭੇ ਬੀਮਾਰੀਆਂ ਨੇ।
ਵੱਖਰੀ ਰੱਖੀ ਨਾਂ ਜੇਕਰ ਪਛਾਣ ਆਪਣੀ, ਸਮਝੋ ਖਾਤਮੇ ਦੀਆਂ ਤਿਆਰੀਆਂ ਨੇ।
ਕੌਣ ਜਾਣਦਾ ਏ ਥਾਓਂ ਖਿੜਕਿਆਂ ਨੂੰ ਕੇਸਾਂ ਦਾੜ੍ਹੀਆਂ ਸੰਗ ਸਰਦਾਰੀਆਂ ਨੇ।

ਜ਼ਰਾ ਪਿਛਲੇ ਇਤਿਹਾਸ ਨੂੰ ਫੋਲ ਵੇਖੋ, ਦੱਸਣ ਵਾਸਤੇ ਜਿਹੜਾ ਉਤਾਵਲਾ ਏ,
ਕੇਸਾਂ ਦਾੜੀਆਂ ਵਾਲਿਆਂ ਜੱਗ ਉੱਤੇ, ਡਟ ਕੇ ਜ਼ੁਲਮ ਦਾ ਕੀਤਾ ਮੁਕਾਬਲਾ ਏ,
ਉਹਨਾਂ ਮਰਦੇ ਮੁਜਾਹਿਦਾਂ ਪਰਬਤਾਂ ਸੰਗ ਮੱਥਾਂ ਲਾਇਆ ਏ ਠੀਕ ਨ ਝਾਂਵਲਾ ਏ,
ਇਕ ਨੇ ਲੱਖਾਂ ਦੀ ਨਹੀਂ ਪਰਵਾਹ ਕੀਤੀ, ਭੱਜ ਉਠਿਆ ਵੈਰੀ ਦਾ ਕਾਫ਼ਲਾ ਏ.
ਬਿਨਾਂ ਸੀਸ ਲੜਾਈਆਂ ਨੂੰ ਜਿੱਤਿਆ ਏ, ਉਹਨਾਂ ਕਦੇ ਨ ਹਿੰਮਤਾਂ ਹਾਰੀਆਂ ਨੇ,
ਕੱਲਾ ਮੈਂ ਨਹੀਂ ਸਾਰਾ ਸੰਸਾਰ ਆਖੇ, ਕੇਸਾਂ ਦਾੜ੍ਹੀਆਂ ਸੰਗ ਸਰਦਾਰੀਆਂ ਨੇ।

ਕੇਸਾਂ ਦਾੜ੍ਹੀਆਂ ਵਾਲੇ ਸੰਸਾਰ ਉਤੇ, ਕਰਕੇ ਕੌਤਕ ਅਨੋਖੇ ਵਖਾ ਗਏ ਨੇ,
ਦੇਸ ਧਰਮ ਤੇ ਕੌਮ ਦੀ ਸ਼ਾਨ ਖ਼ਾਤਿਰ, ਨਾਮ ਵਿੱਚ ਸਿਰ ਲੱਥਾਂ ਲਿਖਾ ਗਏ ਨੇ,
ਆਰੇ ਰੰਬੀਆਂ ਚਰਖੜੀਆਂ ਹਾਰ ਗਈਆਂ, ਆਪਣਾ ਇੱਕ-ਇੱਕ ਬੰਦ ਕਟਵਾ ਗਏ ਨੇ,
ਛੱਡ ਦਿੱਤਾ ਸਰੀਰ ਨ ਸਿਰਰ ਛੱਡਿਆ, ਮਰ ਕੇ ਜਿਉਣ ਦਾ ਢੰਗ ਸਿਖਾ ਗਏ ਨੇ,
ਤੋਪਾਂ ਮੂਹਰੇ ਖਲੋ ਗਏ ਤਾਣ ਛਾਤੀ, ਹੱਸ ਹੱਸ ਫਾਂਸੀਆਂ ਗਲਾਂ ਚ' ਡਾਰੀਆਂ ਨੇ,
ਕੇਸ ਦਾੜ੍ਹੀ ਪ੍ਰਤੀਕ ਦਲੇਰੀਆਂ ਦੀ, ਇਹਨਾਂ ਨਾਲ ਹੀ ਸਭੇ ਸਰਦਾਰੀਆਂ ਨੇ।


Sri Satguru Jagjit Singh Ji eLibrary NamdhariElibrary@gmail.com

ਗੁਰੂ ਤੇਗ ਬਹਾਦਰ ਦਾ ਸੀਸ ਲੈਕੇ, ਪੁੱਜਾ ਜਦੋਂ ਰੰਗਰੇਟਾਂ ਦੀਵਾਨ ਦੇ ਵਿੱਚ,
ਗੁਰਾਂ ਪੁੱਛਿਆ ਕੋਈ ਨਹੀਂ ਸੀ ਸਿਖ ਓਥੇ, ਆਇਆ ਜੋਸ਼ ਨਹੀਂ ਕਿਸੇ ਦੀ ਆਨ ਦੇ ਵਿੱਚ,
ਕਹਿਣ ਲੱਗਾ ਕਿ ਸਿੱਖ ਸਨ ਬਹੁਤ ਬੈਠੇ ਐਪਰ ਆਇਆ ਨਹੀਂ ਕੋਈ ਪਛਾਣ ਦੇ ਵਿੱਚ,
ਕੇਸ ਦਾੜ੍ਹੀ ਤਾਂ ਕਿਸੇ ਦੀ ਹੈ ਨਹੀਂ ਸੀ, ਕੀਹ ਸੀ ਫ਼ਰਕ ਹਿੰਦੂ ਮੁਸਲਮਾਨ ਦੇ ਵਿੱਚ,
ਗੁਰਾਂ ਕਿਹਾ ਮੈਂ ਦਿਆਂ ਪਛਾਣ ਐਸੀ, ਹੋ ਨ ਸਕਣੀਆਂ ਉੱਕਾ ਗੱਦਾਰੀਆਂ ਨੇ,
ਲੱਖਾਂ ਵਿੱਚ ਪਛਾਣਿਆਂ ਸਿੱਖ ਜਾਣੈ ਕੇਸਾਂ ਦਾੜ੍ਹੀਆਂ ਸੰਗ ਸਰਦਾਰੀਆਂ ਨੇ।

ਭਰੀ ਸਭਾ ਵਿਚ ਲਹਿ ਜੈ ਪੱਗ ਜਿਸਦੀ, ਉਹਦੀ ਮੌਤ ਹੋ ਜਾਂਦੀ ਸੀ ਜੀਂਦਿਆਂ ਹੀ,
ਸਿਰ ਮੂੰਹ ਮੁੰਨਣਾ ਸਜ਼ਾ ਸੀ ਵੱਧ ਮੌਤੋਂ ਮਰਦਾ ਦਾੜ੍ਹੀ ਤੇ ਮੁੱਛ ਵਢੀਂਦਿਆਂ ਹੀ,
ਮਾਰੇ ਸ਼ਰਮ ਦੇ ਡੁੱਬਦਾ ਬਿਨਾਂ ਪਾਣੀ ਐਸੀ ਸਭਾ ਵਿਚ ਸਜ਼ਾ ਸੁਨੀਂਦਿਆਂ ਹੀ,
ਅਜ ਪਤਾ ਨਹੀਂ ਲੋਕਾਂ ਨੂੰ ਕੀਹ ਹੋਇਆ, ਸ਼ਰਮ ਆਉਂਦੀ ਨਹੀਂ ਇੱਜ਼ਤ ਲੁਟੀਂਦਿਆਂ ਹੀ,
ਜੁਗਾਂ ਜੁਗਾਂ ਤੋਂ ਬਣੀਆਂ ਪਰੰਪਰਾਵਾਂ, ਲੋਕਾਂ ਖੂਹ ਵਿੱਚ ਲਾਹ ਕੇ ਮਾਰੀਆਂ ਨੇ,
ਕੁਝ ਵੀ ਕਹੋ ਪਰ ਸੱਚ "ਅਮਰੀਕ" ਆਖੇ, ਕੇਸਾਂ ਦਾੜ੍ਹੀਆਂ ਸੰਗ ਸਰਦਾਰੀਆਂ ਨੇ।

* * * * *


Sri Satguru Jagjit Singh Ji eLibrary NamdhariElibrary@gmail.com

# ਸ਼ਹੀਦਾਂ ਨੂੰ ਸ਼ਰਧਾਂਜਲੀ

ਸ਼ਹੀਦਾਂ ਨੂੰ ਸ਼ਰਧਾਂਜਲੀ ਆਓ ਦਈਏ,
ਸਦਾ ਸਿਫਤ ਉਹਨਾਂ ਦੀ ਸੁਣੀਏ ਤੇ ਕਹੀਏ ।

ਵਤਨ ਵਾਸਤੇ ਸਿਰ ਤਲੀ ਤੇ ਟਿਕਾਇਆ,
ਨਹੀਂ ਸਿਰੜ ਤਜਿਆ ਤਜੀ ਆਪਣੀ ਕਾਇਆ,
ਸ਼ਹੀਦਾਂ ਦੀ ਗਾਥਾ ਨੂੰ ਕਹਿੰਦੇ ਹੀ ਰਹੀਏ ।

ਨਹੀਂ ਮਰਨੋਂ ਡਰਦੇ ਬਹਾਦੁਰ ਜੋ ਹੋਵਣ,
ਗ਼ੁਲਾਮੀ ਦੇ ਧੱਬੇ ਲਹੂ ਨਾਲ ਧੋਵਣ,
ਉਹ ਕਰ ਦੇਂਦੇ ਨੇ ਜਾਮ ਜ਼ੁਲਮਾਂ ਦੇ ਪਹੀਏ ।

ਨਹੀਂ ਮਰਨ ਦੀ ਵੀ ਪਰਵਾਹ ਉਹ ਕਰਦੇ,
ਉਹ ਬੰਦ ਬੰਦ ਕਟਾਵਨ ਤੋਂ ਉੱਕਾ ਨ ਡਰਦੇ,
ਸਦਾ ਯਾਦ ਕਰੀਏ ਜੇ ਕੱਠੇ ਹੋ ਬਹੀਏ ।

ਬਿਨਾਂ ਸੀਸ ਤੋਂ ਜੰਗਾਂ ਵੇਖੇ ਨੇ ਜਿੱਤਦੇ,
ਚਰਖੜੀ ਤੇ ਚੜ੍ਹ ਕੇ ਨਹੀਂ ਉੱਕਾ ਹਿੱਸਦੇ,
ਅਸੀਂ ਵੀ ਚਲੋਂ ਓਸ ਰਾਹੇ ਤਾਂ ਪਈਏ ।

ਉਹ ਤੱਤੀ ਤਵੀ ਤੇ ਨੇ ਆਸਨ ਜਮਾਂਦੇ,
ਤੇ ਬੱਚਿਆ ਦੇ ਟੋਟੇ ਗਲਾਂ ਵਿੱਚ ਪੁਆਂਦੇ,
ਸ਼ਹੀਦਾਂ ਦਾ ਨਾਂ ਉਠਦੇ ਬਹਿੰਦੇ ਹੀ ਲਈਏ ।

ਖਲੋਂਦੇ ਨੇ ਆਕੜ ਕੇ ਤੋਪਾਂ ਦੇ ਮੂਹਰੇ,
ਉਹ ਢੀਮਾਂ ਲਿਆ ਕੱਢ ਕਰਜ਼ੇ ਨੇ ਪੂਰੇ,
ਵਤਨ ਵਾਸਤੇ ਕਹਿਣ ਦੁੱਖ ਸਾਰੇ ਸਹੀਏ ।

ਪਕੜ ਦਾੜ੍ਹੀਓਂ ਉਹ ਜ਼ੁਲਮ ਨੂੰ ਹਿਲਾਂਦੇ,
ਮਰਨ ਆਪ ਐਪਰ ਅਣਖ ਨੂੰ ਬਚਾਂਦੇ,
ਆ "ਅਮਰੀਕ" ਉਹਨਾਂ ਦੇ ਹੀ ਵਹਿਣ ਵਹੀਏ ।



Sri Satguru Jagjit Singh Ji eLibrary NamdhariElibrary@gmail.com

# ਕੌਮ ਨੂੰ ਸੁਆਰਦੇ

ਕੌਣ ਹੈ ਸ਼ਹੀਦਾਂ ਬਿਨਾਂ ਜਿੰਦ ਜਿਹੜਾ ਵਾਰ ਦੇ,
ਆਪ ਬਰਬਾਦ ਹੋ ਕੇ ਕੌਮ ਨੂੰ ਸੁਆਰ ਦੇ ।

ਸਿਹਰੇ ਬਨ੍ਹ ਮੌਤ ਨੂੰ ਵਿਆਹੁਣ ਤੁਰ ਪੈਂਦੇ ਨੇ,
ਕੋਈ ਵੀ ਮੁਸੀਬਤ ਜੇ ਆਵੇ ਸਿਰ ਸਹਿੰਦੇ ਨੇ,
ਸੀਸ ਬਿਨਾਂ ਜੰਗਾਂ ਸਦਾ ਜਿੱਤਦੇ ਨ ਹਾਰਦੇ ।

ਵਾਰ ਸਰਬੰਸ ਭਾਣਾਂ ਮਿੱਠਾ ਕਰ ਮੰਨਦੇ,
ਕੱਲੇ ਲੱਖਾਂ ਜ਼ਾਲਮਾਂ ਦਾ ਮੂੰਹ ਵੇਖੇ ਭੰਨਦੇ,
ਧੰਨ ਭਾਗ ਮੌਤ ਮਿਲੀ ਸ਼ੁਕਰ ਗੁਜ਼ਾਰਦੇ ।

ਚਲਾ ਜਾਏ ਸੀਸ ਨਹੀਂ ਸਿਰੜ ਨੂੰ ਛੱਡਦੇ,
ਸੰਗਲ ਗੁਲਾਮੀ ਦੇ ਉਹ ਹੱਥੀਂ ਵੇਖੇ ਵੱਢਦੇ,
ਫਾਂਸੀ ਦਿਆਂ ਫੱਟਿਆਂ ਤੇ ਵੇਖੇ ਲਲਕਾਰਦੇ ।

ਇੱਕ ਇੱਕ ਬੰਦ ਕਟਵਾਓਂਦੇ ਨਹੀਂ ਸੰਗਦੇ,
ਆਰਿਆਂ ਦੇ ਨਾਲ ਨੇ ਸਰੀਰ ਤਾਈਂ ਵੰਡਦੇ,
ਮੰਨਦੇ ਨਹੀਂ ਈਨ ਕੋਈ ਖੋਪਰੀ ਉਤਾਰਦੇ ।

ਕੱਦ ਹੋਵੇ ਛੋਟਾ ਢੇਰੀ ਢੀਮਾਂ ਦੀ ਬਣਾਂਦੇ ਨੇ,
ਜ਼ਾਲਮਾਂ ਦੀ ਲੰਮੀ ਦਾੜ੍ਹੀ ਪਕੜ ਹਿਲਾਂਦੇ ਨੇ,
ਛੱਡਦੇ ਨਹੀਂ ਭਾਂਵੇ ਕੋਈ ਜਾਨ ਤੋਂ ਹੀ ਮਾਰਦੇ ।

ਫਾਂਸੀ ਦਿਆਂ ਰੱਸਿਆਂ ਨੂੰ ਹੱਸ ਹੱਸ ਚੁੰਮਦੇ,
ਮੌਤ ਸਾਹਵੇਂ ਵੇਖ ਹੋਸ਼ ਉਹਨਾਂ ਦੇ ਨ ਗੁੰਮਦੇ,
ਤੋਪਾਂ ਦਿਆਂ ਗੋਲਿਆਂ ਦੇ ਨਾਲ ਸੀਨਾਂ ਠਾਰਦੇ ।

ਚੱਲੋ "ਅਮਰੀਕ" ਅਜ ਕੋਟਲੇ ਤੂੰ ਚਲੀਏ,
ਬੂਹਾ ਜਾ ਸ਼ਹੀਦੀ ਅਸਥਾਨ ਵਾਲਾ ਮੱਲੀਏ,
ਤੋਪਾਂ ਅੱਗੇ ਜਿੱਥੇ ਸੀ ਉਹ ਆਪੇ ਨੂੰ ਖਲ੍ਹਾਰਦੇ ।



Sri Satguru Jagjit Singh Ji eLibrary NamdhariElibrary@gmail.com

# ਸਿਆਣੇ ਕਿਸੇ ਗੱਲ

ਸਿਆਣੇ ਕਿਸੇ ਗੱਲ ਸਹੀ ਇਹ ਕਹੀ ਏ,
ਸ਼ਹੀਦਾਂ ਦਾ ਸਭ ਕੁਝ ਵਤਨ ਦੇ ਲਈ ਏ ।

ਉਹ ਜੀਂਦੇ ਨੇ ਤਾਂ ਬੱਸ ਵਤਨ ਲਈ ਹੀ ਜੀਂਦੇ,
ਤੇ ਇਸ ਲਈ ਹੀ ਜਾਮੇ ਸ਼ਹਾਦਤ ਨੇ ਪੀਂਦੇ ।

ਉਹ ਬਚਪਨ ਜਵਾਨੀ ਦੀ ਪਰਵਾਹ ਨ ਕਰਦੇ,
ਬੁਢੇਪਾ ਰੁਲਣ ਤੋਂ ਵੀ ਅਸਲੋਂ ਨ ਡਰਦੇ ।

ਸਬਰ ਨਾਲ ਜਬਰਾਂ ਨੂੰ ਉਹ ਰੋਕਦੇ ਨੇ,
ਜ਼ੁਲਮ ਦੇ ਤੂਫ਼ਾਨਾਂ ਨੂੰ ਵੀ ਟੋਕਦੇ ਨੇ ।

ਸ਼ਮਾਂ ਵਾਂਗ ਸੜ ਜੱਗ ਨੂੰ ਰੋਸ਼ਨ ਨੇ ਕਰਦੇ,
ਕਦੇ ਗ਼ੈਰ ਦਾ ਉਹ ਨਹੀਂ ਪਾਣੀ ਭਰਦੇ ।

ਗ਼ੁਲਾਮੀ ਦਾ ਜੀਵਨ ਉਹ ਇੱਕ ਪਲ ਨ ਜੀਵਣ,
ਮਰਨ ਆਪ ਤਾਂ ਲੋਕ ਆਜ਼ਾਦ ਥੀਵਣ ।

ਕੋਈ ਕਸ਼ਟ ਆਵੇ ਉਹ ਸਿਰ ਮੱਥੇ ਝੱਲਦੇ,
ਜ਼ੁਲਮ ਦੀ ਹਨੇਰੀ ਨੂੰ ਸਿਰ ਦੇ ਕੇ ਠੱਲਦੇ ।

ਉਹ ਬੰਦ ਬੰਦ ਕਟਾਕੇ ਵੀ ਖ਼ੁਸ਼ੀਆਂ ਮਨਾਂਦੇ,
ਬਿਨਾਂ ਸੀਸ ਜੰਗਾਂ ਨੂੰ ਜਿੱਤਾਂ ਦਿਲਾਂਦੇ ।


Sri Satguru Jagjit Singh Ji eLibrary NamdhariElibrary@gmail.com

ਉਬਲ ਜਾਣ ਦੇਗਾਂ ਚ' ਪਰ ਨ ਯਰਕਦੇ,
ਉਹ ਫਾਂਸੀ ਦੇ ਫੱਟਿਆ ਦੇ ਵੱਲ ਖ਼ੁਦ ਸਰਕਦੇ ।

ਉਹ ਤੋਪਾਂ ਦੀ ਨਾਲੀ ਚੋਂ ਤੱਕਣ ਆਜ਼ਾਦੀ,
ਕਹਿਣ ਮੌਤ ਸੰਗ ਹੀ ਕਰਾਵਾਂਗੇ ਸ਼ਾਦੀ ।

ਹਿਲਾ ਦੇਣ ਜੜ੍ਹ ਤੋਂ ਜ਼ੁਲਮ ਰਾਜ ਤਾਈਂ,
ਉਹ ਹੱਥ ਪਾਣ ਜਾ ਵੈਰੀ ਦੇ ਤਾਜ ਤਾਂਈ ।

ਜਦੋਂ ਤੱਕ ਜ਼ੁਲਮ ਦਾ ਹਨੇਰਾ ਏ ਜੱਗ ਤੇ,
ਉਹ ਮਰ-ਮਰ ਕੇ ਕਰਦੇ ਸਵੇਰਾ ਨੇ ਜੱਗ ਤੇ ।

ਤੂੰ "ਅਮਰੀਕ" ਗਾਥਾ ਕਿਵੇਂ ਕਹਿ ਸਕੇਂਗਾ,
ਸਿਰਫ਼ ਯਾਦ ਉਹਨਾਂ ਦੀ ਵਿੱਚ ਬਹਿ ਸਕੇਂਗਾ ।

* * * * *



Sri Satguru Jagjit Singh Ji eLibrary NamdhariElibrary@gm...m

# ਆਓ ਕੋਟਲੇ ਚੱਲੀਏ

ਸ਼ਹੀਦਾਂ ਦੀ ਮਨਾਵਣ ਯਾਦ ਆਓ ਕੋਟਲੇ ਚੱਲੀਏ,
ਤੇ ਕੁਰਬਾਨੀ ਦੀ ਦੇਵਣ ਦਾਦ ਆਓ ਕੋਟਲੇ ਚੱਲੀਏ ।

ਵਤਨ ਦੀ ਅਣਖ ਜਦ ਗੈਰਾਂ ਨੇ ਪੈਰਾਂ ਹੇਠ ਸੀ ਰੋਲੀ,
ਸਿਰਾਂ ਤੇ ਬਨ੍ਹ ਕੇ ਖੱਫਨ ਤੁਰੀ ਏਧਰ ਨੂੰ ਇੱਕ ਟੋਲੀ,
ਆਜ਼ਾਦੀ ਦਾ ਵਜਾਈਏ ਨਾਦ ਆਓ ਕੋਟਲੇ ਚੱਲੀਏ ।

ਤੇਰੇ ਕਾਨੂੰਨ ਹਰ ਇੱਕ ਨੂੰ ਅਸਾਂ ਨੇ ਤੋੜ ਦੇਣਾ ਏ,
ਸ਼ਹੀਦਾਂ ਪਹਿਲਿਆਂ ਦੇ ਨਾਲ ਨਾਤਾ ਜੋੜ ਦੇਣਾ ਏ,
ਗ਼ੁਲਾਮੀ ਦੀ ਮੁਕਾਵਨ ਗਾਦ ਆਓ ਕੋਟਲੇ ਚੱਲੀਏ ।

ਜੇ ਕੱਦ ਪੂਰਾ ਨ ਹੋਇਆ ਤਾਂ ਅਸੀਂ ਢੇਮਾਂ ਲਿਆਵਾਂਗੇ,
ਪਕੜ ਦਾੜ੍ਹੀ ਜ਼ੁਲਮ ਦੀ ਨੂੰ ਅਸੀਂ ਮੁੜ ਮੁੜ ਹਿਲਾਵਾਂਗੇ,
ਵਤਨ ਕਰਨਾਂ ਹੈ ਜੇ ਆਜ਼ਾਦ ਆਓ ਕੋਟਲੇ ਚੱਲੀਏ ।

ਇਹ ਜ਼ਾਲਮ ਰਾਜ ਜਿਸਦੇ ਵਿੱਚ ਕਦੇ ਸੂਰਜ ਨਹੀਂ ਡੁੱਬਦਾ,
ਜਦੋਂ ਤਕ ਖ਼ਤਮ ਨ ਹੋਵੇ ਅਸਾਂ ਨੂੰ ਕੁਝ ਨਹੀਂ ਸੁੱਝਦਾ,
ਹੈ ਛਿੜਨਾਂ ਮੌਤ ਦਾ ਸੰਵਾਦ, ਆਓ ਕੋਟਲੇ ਚੱਲੀਏ ।

ਤੂੰ ਐ "ਅਮਰੀਕ" ਇਹ ਵੀ ਕਰ ਨਹੀਂ ਸਕਦਾ, ਭਲੇ ਲੋਕਾ,
ਉਨ੍ਹਾਂ ਦੀ ਏਸ ਕੁਰਬਾਨੀ ਦਾ ਦੇਂਦਾ ਕਿਓਂ ਨਹੀਂ ਹੋਕਾ,
ਹੈ ਜਿਸ ਕਰਕੇ ਵਤਨ ਆਜ਼ਾਦ ਆਓ ਕੋਟਲੇ ਚੱਲੀਏ ।

* * * * *



Sri Satguru Jagjit Singh Ji eLibrary NamdhariElibrary@gmail.com

# ਅਮਰ ਹੋਣੈ ਤਾਂ ਆ ਜਾਓ

ਸ਼ਹੀਦਾਂ ਨੇ ਕਿਹਾ ਮਰ ਕੇ ਅਮਰ ਹੋਣੈ ਤਾਂ ਆ ਜਾਓ,
ਗ਼ੁਲਾਮੀ ਦੇ ਕੁਢੰਬੇ ਦਾਗ਼ ਨੂੰ ਧੋਣੈ ਤਾਂ ਆ ਜਾਓ ।

ਸ਼ਮਾ-ਏ-ਵਤਨ ਤੇ ਸੜਕੇ ਪੁਚਾਈਏ ਠੰਢ ਲੋਕਾਂ ਨੂੰ,
ਸ਼ਹੀਦੀ ਪਾ ਕੇ ਲਾਹ ਸੁੱਟੀਏ ਚੰਬੜੀਆਂ ਗ਼ੈਰ ਜੋਕਾਂ ਨੂੰ ।

ਇਹ ਕੱਦ ਮੱਧਰਾ ਸ਼ਹਾਦਤ ਤੋਂ ਅਸਾਨੂੰ ਰੋਕ ਨਹੀਂ ਸਕਦਾ,
ਆਜ਼ਾਦੀ ਵਰਨ ਤੋਂ ਕੋਈ ਵੀ ਸਾਨੂੰ ਟੋਕ ਨਹੀਂ ਸਕਦਾ ।

ਅਸਾਂ ਬਿੱਲਿਆਂ ਨੂੰ ਪੂੱਛੋਂ ਫੜ ਸਮੁੰਦਰੋਂ ਪਾਰ ਸੁੱਟ ਦੇਣੈ,
ਪਾਤਾਲੀਂ ਜੜ੍ਹ ਜੋ ਅੱਪੜੀ ਏ, ਅਸਾਂ ਮੁੱਢੋਂ ਹੀ ਪੁੱਟ ਦੇਣੈ ।

ਅਮਾਵਸ ਰਾਤ ਵਾਂਗੂ ਇਹ ਹਕੂਮਤ ਜੱਗ ਤੇ ਛਾਈ ਏ,
ਅਸਾਂ ਚੰਨ ਚੋਧਵੀਂ ਦਾ ਬਣ ਇਹ ਲਾਹ ਸੁੱਟਣੀ ਸਿਆਹੀ ਏ ।

ਅਸੀਂ ਫਾਂਸੀ ਤੇ ਚੜ੍ਹ ਜਾਈਏ, ਜਾਂ ਗੋਲੇ ਤੋਪ ਦੇ ਖਾਈਏ,
ਅਸਾਡਾ ਲਕਸ਼ੇ ਆਜ਼ਾਦੀ ਚਹੇ ਕਈ ਵਾਰ ਮਰ ਜਾਈਏ ।

ਕਦੀ ਗ਼ੈਰਾਂ ਦਾ ਜ਼ਾਲਮ ਰਾਜ ਏਥੇ ਰਹਿਣ ਨਹੀਂ ਦੇਣਾ,
ਕਿਸੇ ਹਮ ਵਤਨ ਤਾਈਂ ਕੋਈ ਵੀ ਦੁੱਖ ਸਹਿਣ ਨਹੀਂ ਦੇਣਾ ।



Sri Satguru Jagjit Singh Ji eLibrary NamdhariElibrary@gmail.com

ਹਾਂ ਜਨਮੇ ਧਰਤ ਜਿਹੜੀ ਚੋਂ ਕਸਮ ਹੈ ਓਸ ਧਰਤੀ ਦੀ,
ਹੈ ਕੋਹੇ ਨੂਰ ਸਾਡੇ ਲਈ ਭਸਮ ਇਹ ਓਸ ਧਰਤੀ ਦੀ ।

ਅਸੀਂ ਰਹੀਏ ਜਾਂ ਨ ਰਹੀਏ, ਅਸਾਡਾ ਸਿਰੜ ਨ ਜਾਏ,
ਅਸਾਂ ਬੰਦ ਬੰਦ ਕਟਾ ਕੇ ਵੀ ਕਦੀ ਆਖੀ ਨਹੀਂ ਹਾਏ ।

ਬਿਨਾਂ ਸਿਰ ਜਿੱਤ ਕੇ ਜੰਗਾਂ ਅਸਾਂ ਜੱਗ ਨੂੰ ਵਖਾਈਆਂ ਨੇ,
ਇਹ ਤਨ ਦੋ ਫਾੜ ਕਰਵਾਇਆ ਇਹ ਇਤਿਹਾਸਕ ਗਵਾਹੀਆਂ ਨੇ ।

ਕਈ ਵੇਰਾਂ ਧਰਮ ਤੇ ਦੇਸ਼ ਖਾਤਰ ਸਿਰ ਕਟਾਏ ਨੇ,
ਕਈ ਵੇਰਾਂ ਜਿਗਰ ਦੇ ਟੋਟਿਆਂ ਦੇ ਹਾਰ ਪਾਏ ਨੇ ।

ਅਸਾਂ ਇਸ ਦੇਸ਼ ਤੋਂ ਪੁੱਤਰ ਵੀ ਤਾਂ ਅਸਲੋਂ ਲੁਕਾਏ ਨਹੀਂ,
ਕਈਆਂ ਸਰਬੰਸ ਵਾਰੇ ਨੇ, ਕਦੀ ਵੀ ਚਿੱਤ ਡੁਲਾਏ ਨਹੀਂ ।

ਐ ਭਾਰਤ ਵਾਲਿਓ ਮੌਜਾਂ ਜੋ ਅਜ ਹੋ ਮਾਣਦੇ ਸਾਰੇ,
ਕਦੀ ਇਹਨਾਂ ਲਈ ਬਹੁਤੇ ਸੀ ਮਹਿੰਗੇ ਮੁੱਲ ਅਸਾਂ ਤਾਰੇ ।

ਸੋ ਇਸ ਆਜ਼ਾਦ ਭਾਰਤ ਨੂੰ ਸਦਾ ਆਜ਼ਾਦ ਹੀ ਰੱਖਣਾ,
ਕਦੇ "ਅਮਰੀਕ" ਸੰਗ ਬਹਿ ਕੇ ਅਸਾਂ ਨੂੰ ਯਾਦ ਵੀ ਰੱਖਣਾ ।

* * * * *



Sri Satguru Jagjit Singh Ji eLibrary NamdhariElibrary@gmail.com

# ਸ਼ਹੀਦਾਂ ਦਾ ਜੀਵਨ

ਸ਼ਹੀਦਾਂ ਦਾ ਜੀਵਨ ਹੈ ਬਿਲਕੁਲ ਨਿਰਾਲਾ,
ਉਹ ਉਚੇ ਜਿਵੇਂ ਉਚਾ ਸਭ ਤੋਂ ਹਿਮਾਲਾ ।

ਵਤਨ ਵਾਸਤੇ ਸੀਸ ਤਲੀਆਂ ਤੇ ਧਰਦੇ ਉਹ ਜਾਨ ਆਪਣੀ ਦੀ ਵੀ ਪਰਵਾਹ ਨ ਕਰਦੇ,
ਪਤੰਗੇ ਸ਼ਮਾਂ ਤੋਂ ਵੀ ਸੜਨੋਂ ਨ ਡਰਦੇ, ਹਕੀਕਤ ਹੈ ਇਹਨੂੰ ਨ ਸਮਝੋ ਵਿਖਾਲਾ ।

ਉਹ ਹਰ ਕਸ਼ਟ ਨੂੰ ਅਪਣੇ ਸੀਨੇ ਤੇ ਸਹਿੰਦੇ, ਉਬਲਦੇ ਨੇ ਦੇਗਾਂ ਚ' ਤਵੀਆਂ ਤੇ ਬਹਿੰਦੇ,
ਤੇ ਜੀ ਆਇਆਂ ਤਕ ਮੌਤ ਨੂੰ ਦੂਰੋਂ ਕਹਿੰਦੇ, ਉਹ ਸੜ ਆਪ ਨ੍ਹੇਰੇ ਚ' ਕਰਦੇ ਉਜਾਲਾ ।

ਉਹ ਤੋਪਾਂ ਦਾ ਮੂੰਹ ਨੇ ਲਹੂ ਨਾਲ ਧੌਂਦੇ, ਕਦੀ ਗੋਲਿਆਂ ਤੋਂ ਨਾਂ ਛਾਤੀ ਲਕੋਂਦੇ,
ਤੇ ਢੀਮਾਂ ਦੀ ਢੇਰੀ ਤੇ ਚੜ੍ਹ ਚੜ੍ਹ ਖਲੋਂਦੇ, ਅਜੇਹੀ ਮਨਾ ਵਿੱਚ ਭੜਕਦੀ ਜਵਾਲਾ ।

ਲਹੂ ਸਿੰਚ ਕੇ ਬੂਟੇ ਅਣਖਾਂ ਦੇ ਪਾਲਣ, ਜਵਾਨੀ ਚ' ਮਰ ਮਰ ਕੇ ਕੌਮਾਂ ਜੀਵਾਲਣ,
ਤੇ ਢੰਗ ਜੀਣ ਦਾ ਪੀੜ੍ਹੀਆਂ ਨੂੰ ਸਿਖਾਲਣ ਉਹ ਔਖੇ ਹੋ ਲੋਕਾਂ ਨੂੰ ਕਰਦੇ ਸੁਖਾਲਾ ।

ਉਹ ਸਦੀਆਂ ਤੋਂ ਸੁੱਤਿਆਂ ਨੂੰ ਝੰਜੋੜ ਦੇਂਦੇ, ਗੁਲਾਮੀ ਦੀ ਜ਼ੰਜੀਰ ਨੂੰ ਤੋੜ ਦੇਂਦੇ,
ਤੇ ਅੜ ਕੇ ਤੂਫਾਨਾਂ ਦਾ ਮੂੰਹ ਮੋੜ ਦੇਂਦੇ, ਮਿਟਾ ਦੇਂਦੇ ਨੇ ਸਾਰਾ ਗੜਬੜ ਘੋਟਾਲਾ ।

ਨਿਰਾਲਾ ਹੀ ਮਰਦੇ ਨਿਰਾਲਾ ਹੀ ਜੀਂਦੇ, ਉਹ ਤੱਕ ਮੌਤ ਨੂੰ ਵੀ ਨਾਂ ਗ਼ਮਗੀਨ ਥੀਂਦੇ,
ਤੇ ਜਾਮੇ ਸ਼ਹਾਦਤ ਵੀ ਭਰ ਭਰ ਕੇ ਪੀਂਦੇ, ਲਿਆ ਦੇਂਦੇ ਨੇ ਕੌਮ ਵਿੱਚ ਫ਼ਿਰ ਉਛਾਲਾ।

ਉਹ ਕੌਮਾਂ ਦੀਆਂ ਨੀਹਾਂ ਵਿੱਚ ਸਿਰ ਟਿਕਾਂਦੇ, ਤੇ ਦੇ ਸਿਰ ਸਦਾ ਸੁਖ ਵਤਨ ਦੀ ਮਨਾਂਦੇ,
ਧਰੂ ਬਣ ਕੇ ਆਕਾਸ਼ ਤੇ ਜਗਮਗਾਂਦੇ, ਨਹੀਂ ਵੇਖਦੇ ਉਹ ਸਿਆਲਾ ਹੁਨਾਲਾ ।

ਚਲੋ ਅੱਜ ਸ਼ਹੀਦਾਂ ਨੂੰ ਪ੍ਰਣਾਮ ਕਰੀਏ, ਕਦਮ ਤੇ ਕਦਮ ਆਓ ਆਪਾਂ ਵੀ ਧਰੀਏ,
ਵਤਨ ਵਾਸਤੇ ਜੋ ਵੀ ਦੁੱਖ ਆਵੇ ਜਰੀਏ, ਐ ਅਮਰੀਕ ਸ਼ਾਨ ਇਸਦੀ ਕਰੀਏ ਦੋ ਬਾਲਾ ।



Sri Satguru Jagjit Singh Ji eLibrary NamdhariElibrary@gmail.com

# ਝੂੱਲ ਵੇ ਤਰੰਗਿਆ

ਉੱਚਾ ਹੋਰ ਉੱਚਾ ਹੋਰ ਝੁਲ ਵੇ ਤਿਰੰਗਿਆ,
ਕੌਣ ਤੇਰੀ ਸ਼ਾਨ ਦੇ ਹੈ ਤੁੱਲ ਵੇ ਤਿਰੰਗਿਆ ।

ਕੇਸਰੀ ਹੈ ਰੰਗ ਜੋ ਬਹਾਦਰੀ ਦਾ ਚਿਨ੍ਹ ਹੈ,
ਚਿੱਟਾ ਭਾਈ ਚਾਰੇ ਤੇ ਭਰਾਤਰੀ ਦਾ ਚਿਨ੍ਹ ਹੈ,
ਹਰਾ ਵੰਡੇ ਖ਼ੁਸ਼ੀਆਂ ਅਮੁੱਲ ਵੇ ਤਿਰੰਗਿਆ ।

ਸ਼ਾਨ ਉਚਿਆਣ ਲਈ ਅਸਾਂ ਰਲ ਸਾਰਿਆਂ,
ਦਿੱਤੀ ਕੁਰਬਾਨੀ ਕਈ ਚੰਨਾਂ ਤੇ ਸਿਤਾਰਿਆਂ,
ਕੱਠਿਆਂ ਦਾ ਗਿਆ ਲਹੂ ਡੁੱਲ੍ਹ ਵੇ ਤਿਰੰਗਿਆ ।

ਹਰ ਤੇਰੀ ਤੰਦ ਨੂੰ ਹੈ ਵੱਟ ਸਾਡੇ ਪਿਆਰ ਦਾ,
ਸਾਡਾ ਇਤਫ਼ਾਕ ਤੈਨੂੰ ਉਚਿਆਂ ਖਲਾਰ ਦਾ,
ਘਾਲ ਸਾਡੀ ਜਾਈਂ ਨ ਤੂੰ ਭੁੱਲ ਵੇ ਤਿਰੰਗਿਆ ।

ਜਦੋਂ ਤੂੰ ਆਕਾਸ਼ ਵਿੱਚ ਉੱਚਾ ਹੋ ਕੇ ਝੁੱਲਣੈ,
ਸਾਡੇ ਸਵੈਮਾਨ ਤੁੱਲ ਫਿਰ ਕਿਸ ਤੁੱਲਣੈ,
ਕਿਰਦੇ ਨੇ ਆਸਾਂ ਵਾਲੇ ਫੁੱਲ ਵੇ ਤਿਰੰਗਿਆ ।

ਕੀਤੀ ਅਮਰੀਕ ਤੈਨੂੰ ਲਖ ਪ੍ਰਣਾਮ ਹੈ,
ਤੇਰੇ ਨਾਲ ਜਗ ਵਿਚ ਉੱਚਾ ਸਾਡਾ ਨਾਮ ਹੈ,
ਤਕ ਤੈਨੂੰ ਸੀਨਾ ਸਾਡਾ ਪੈਂਦਾ ਫੁੱਲ ਫੁੱਲ ਵੇ ।

* * * * *



Sri Satguru Jagjit Singh Ji eLibrary NamdhariElibrary@gmail.com

# ਪ੍ਰਣਾਮ ਐ ਰਾਹੀ ਪੁਚਾ ਦੇਣਾ

ਸ਼ਹੀਦਾਂ ਨੂੰ ਮੇਰੀ ਪ੍ਰਣਾਮ ਐ ਰਾਹੀ ਪੁਚਾ ਦੇਣਾ,
ਮੇਰੀ ਸ਼ਰਧਾ ਦੇ ਫੁੱਲ ਉਹਨਾਂ ਦੇ ਚਰਨਾਂ ਤੇ ਟਿਕਾ ਦੇਣਾ ।

ਜਿੰਨ੍ਹਾਂ ਦਾ ਵਤਨ ਤੋਂ ਕੁਰਬਾਨ ਹੋਣਾ ਹੀ ਨਿਸ਼ਾਨਾ ਸੀ,
ਸ਼ਹੀਦੀ ਪਾਣ ਲਈ ਹਰ ਇੱਕ ਜਿਵੇਂ ਹੋਇਆ ਦੀਵਾਨਾ ਸੀ,
ਮੇਰੀ ਤਰਫੋਂ ਤੁਸਾਂ ਹੱਥ ਜੋੜ ਆਪਣਾ ਸਿਰ ਝੁਕਾ ਦੇਣਾ ।

ਉਹਨਾਂ ਨੂੰ ਤੋਪ ਦੀ ਨਾਲੀ ਚੋਂ ਆਜ਼ਾਦੀ ਨਜ਼ਰ ਆਈ,
ਖਲੋ ਢੇਮਾਂ ਦੀ ਢੇਰੀ ਤੇ ਉੱਚੀ ਸੱਦ ਇੱਕ ਲਾਈ,
ਅਸਾਂ ਮਰ ਕੇ ਵਤਨ ਚੋਂ ਗ਼ੈਰ ਦਾ ਡੇਰਾ ਚੁੱਕਾ ਦੇਣਾ ।

ਜਬਰ ਦੀ ਪਕੜ ਦਾੜ੍ਹੀ ਨੂੰ ਹਿਲਾਇਆ ਖ਼ੂਬ ਸੀ ਇੱਕ ਨੇ,
ਹਕੂਮਤ ਗ਼ੈਰ ਦੀ ਨੂੰ ਪੁੱਟ ਵਿਖਾਇਆ ਖ਼ੂਬ ਸੀ ਇੱਕ ਨੇ,
ਗ਼ੁਲਾਮੀ ਦੀ ਅਮਾਵਸ ਨੂੰ ਅਸਾਂ ਪੁੰਨਿਆ ਬਣਾ ਦੇਣਾ ।

ਅਜੇਹੇ ਸੂਰਮੇ ਸਨ ਪਰਬਤਾਂ ਨੂੰ ਲਾ ਲਿਆ ਮੱਥਾ,
ਤਲੀ ਤੇ ਸਿਰ ਟਿਕਾ ਕੇ ਤੁਰ ਪਿਆ ਏਧਰ ਨੂੰ ਇਹ ਜੱਥਾ,
ਤੇਰਾ ਕਾਨੂੰਨ ਸੁਣ ਬਿੱਲਿਆ ਅਸਾਂ ਝੂਠਾ ਵਿਖਾ ਦੇਣਾ ।

ਉਹ ਕੈਸੇ ਲੋਕ ਸਨ ਜਿੰਨ੍ਹਾਂ ਮਰਨ ਇੱਕ ਖੇਲ ਹੀ ਜਾਤਾ,
ਸ਼ਹੀਦਾਂ ਦੀ ਵਹੀ ਵਿੱਚ ਖੋਲ ਦਿੱਤਾ ਇੱਕ ਨਵਾਂ ਖਾਤਾ,
ਕਿਹਾ ਕਿ ਜਾਨ ਦੇ ਕੇ ਗ਼ੈਰ ਨੂੰ ਏਥੋਂ ਭਜਾ ਦੇਣਾ ।

ਹਕੀਕਤ ਹੈ ਸ਼ਹੀਦਾਂ ਦਾ ਹੈ ਦੇਣਾ ਦੇਣ ਅੱਤ ਔਖਾ,
ਉਹ ਤਨ ਮਨ ਵਾਰ ਸਾਨੂੰ ਕਰ ਗਏ ਨੇ ਬਹੁਤ ਹੀ ਸੌਖਾ,
ਅਸਾਂ ਨੇ ਗ਼ੈਰ ਦੇ ਝੰਡੇ ਨੂੰ ਹੈ ਬਿਲਕੁਲ ਝੁਕਾ ਦੇਣਾ ।

ਅਸੀਂ ਸ਼ੇਰਾਂ ਦੀ ਮਾਰੀ ਖਾ ਰਹੇ ਹਾਂ ਹਿੰਦ ਦੇ ਵਾਸੀ,
ਆਜ਼ਾਦੀ ਵਾਸਤੇ ਝਾਗੀ ਮੁਸੀਬਤ ਸੂਰਿਆਂ ਖਾਸੀ,
ਫਤੇ ਮੇਰੀ ਤੁਸਾਂ "ਅਮਰੀਕ" ਉਹਨਾਂ ਨੂੰ ਬੁਲਾ ਦੇਣਾ ।



Sri Satguru Jagjit Singh Ji eLibrary NamdhariElibrary@gmail.com

# ਸ਼ਹੀਦਾਂ ਵਤਨ ਤੋਂ ਹੈ ਜਿੰਦੜੀ ਘੁਮਾਈ

ਸ਼ਹੀਦਾਂ ਵਤਨ ਤੋਂ ਹੈ ਜਿੰਦੜੀ ਘੁਮਾਈ,
ਮੁਸੀਬਤ ਜੋ ਆਈ ਗਲੇ ਘੁੱਟ ਕੇ ਲਾਈ ।

ਘਰਾਂ ਦੇ ਸੁਖਾਂ ਤੋਂ ਉਹ ਮੂੰਹ ਮੋੜ ਲੈਂਦੇ,
ਉਹ ਕਿਹੜਾ ਹੈ ਦੁੱਖ ਜੋ ਸਿਰਾਂ ਤੇ ਨਹੀਂ ਸਹਿੰਦੇ,
ਵਤਨ ਵਾਸਤੇ ਜਾਨ ਖਤਰੇ ਚ' ਪਾਈ ।

ਖਿੜੇ ਮੱਥੇ ਮਰਨਾਂ ਕਬੂਲਨ ਬਹਾਦਰ,
ਉਹ ਹੱਸ ਹੱਸ ਕੇ ਫਾਂਸੀ ਤੇ ਝੂਲਣ ਬਹਾਦਰ,
ਜ਼ੁਲਮ ਥੀਂ ਨਾ ਡਰਦੇ ਇਹ ਜਾਣੇ ਲੁਕਾਈ ।

ਉਹ ਬੰਦ ਬੰਦ ਕਟਵਾਣ ਲਈ ਜ਼ਿੱਦ ਨੇ ਕਰਦੇ,
ਤੇ ਦੋ ਫਾੜ ਹੋਵਨ ਤੋਂ ਉੱਕਾ ਨ ਡਰਦੇ,
ਉਬਲ ਜਾਣ ਦੇਗਾਂ ਚ' ਕਰਦੇ ਨਾ ਹਾਈ ।

ਉਹ ਤੱਤੀ ਤਵੀ ਸੇਜ ਫੁੱਲਾਂ ਦੀ ਜਾਨਣ,
ਤੇ ਸਰਬੰਸ ਕਰ ਭੇਟ ਖ਼ੁਸ਼ੀਆਂ ਮਨਾਵਨ,
ਉਹ ਆਖਣ ਸ਼ੁਕਰ ਹੈ ਘੜੀ ਐਸੀ ਆਈ ।

ਉਹ ਤੋਪਾਂ ਨੂੰ ਟਿੱਚਰਾਂ ਕਰਨ ਹੱਸ ਹੱਸ ਕੇ,
ਉਹ ਮੌਤ ਅੱਗੇ ਆਪੇ ਖੜਨ ਹੱਸ ਹੱਸ ਕੇ,
ਕਹਿਣ ਮਾਰ ਗੋਲਾ ਹੈ ਕਿਓਂ ਦੇਰ ਲਾਈ ।

ਜ਼ੁਲਮ ਦੀ ਉਹ ਦਾੜ੍ਹੀ ਪਕੜ ਝੂਟ ਜਾਂਦੇ,
ਕਹੇਂਗਾ ਕਿ ਸਿੱਖ ਨਹੀਂ ਮਜ਼ਾ ਨੇ ਚਖਾਂਦੇ,
ਕਿਹੋ ਜਹੇ ਨੇ ਲੋਕੀਂ ਜ਼ੁਲਮ ਦੇ ਦੁਹਾਈ ।

ਐ "ਅਮਰੀਕ" ਗਾਥਾ ਇਹ ਕੀਕਰ ਕਹੇਂਗਾ,
ਬੜੀ ਲੰਮੀ ਹੈ ਸਾਰੀ ਕਹਿ ਨ ਸਕੇਂਗਾ,
ਸ਼ਹੀਦਾਂ ਨੂੰ ਮੈਂ ਧੌਣ ਤਾਂ ਹੀ ਝੁਕਾਈ ।



Sri Satguru Jagjit Singh Ji eLibrary NamdhariElibrary@gmail.com

# ਸਿੱਖੀ ਸੰਭਾਲ

ਸਿੱਖੀ ਸੰਭਾਲ ਬਈ ਸਿੱਖਾ ਸਿੱਖੀ ਸੰਭਾਲ ਓਏ,
ਆਪਣੇ ਹੀ ਹਥੀਂ ਹੋਈ ਸਿੱਖੀ ਮੰਦ ਹਾਲ ਓਏ ।

ਪੰਜਾਂ ਕੱਕਿਆਂ ਤੇ ਹੋਇਆ ਛੇਵਾਂ ਅੱਜ ਭਾਰੂ ਏ,
ਅਗਲੀ ਪੀੜ੍ਹੀ ਲਈ ਇਹ ਤੇ ਸੰਕੇਤ ਮਾਰੂ ਏ,
ਨਾਮੋ ਨਿਸ਼ਾਨ ਹੀ ਮਿਟਦਾ ਜਾਪੇ ਤੱਤ-ਕਾਲ ਓਏ ।

ਬਦਲਦੀ ਜਾਂਦੀ ਸਾਡੀ ਅਸਲੀ ਪੋਸ਼ਾਕ ਏ,
ਸਿੱਖੀ ਦੀ ਆਣ ਪਈ ਰੁਲਦੀ ਵਿੱਚ ਖ਼ਾਕ ਏ,
ਡਰ ਹੈ ਕਿ ਭੁੱਲ ਨ ਜਾਈਏ ਆਪਣੀ ਸੁਰਤਾਲ ਓਏ ।

ਨਸ਼ਿਆਂ ਵਿੱਚ ਡੁੱਬਦੀ ਜਾਂਦੀ ਸਾਰੀ ਜਵਾਨੀ ਏਂ,
ਬਣਨਾਂ ਅੰਗਰੇਜ਼ ਹੈ ਚਾਹੁੰਦਾ ਹਰ ਹਿੰਦੁਸਤਾਨੀ ਏਂ,
ਦਿੱਸਦਾ ਏ ਆਉਂਦਾ ਪਿਆ ਨੇੜੇ ਹੁਣ ਕਾਲ ਏ ।

ਪੈਂਟਾਂ ਪਰਧਾਨ ਹੋਈਆਂ ਤੇ ਲੱਥੇ ਪਜਾਮੇ ਨੇ,
ਅੰਕਲ ਅੱਜ ਬਣ ਗਏ ਸਾਰੇ ਚਾਚੇ ਤੇ ਮਾਮੇ ਨੇ,
ਸ਼ਰਟਾਂ ਦਾ ਹੜ੍ਹ ਹੈ ਆਇਆ, ਕੁਰਤਾ ਕੰਗਾਲ ਓਏ ।

ਫੁਲਕੇ ਤੇ ਦਾਲ ਸਬਜ਼ੀਆਂ ਕਿਸ ਨੂੰ ਪਸੰਦ ਨੇ,
ਬਰਗਰ ਤੇ ਹਾੱਟ ਡਾਗ ਦੇ ਅਹਿਸਾਨ ਮੰਦ ਨੇ,
ਦੁੱਧ ਤੋਂ ਹੈ ਨਫ਼ਰਤ, ਪਾਇਆ ਚਾਹ ਦਾ ਜੰਜਾਲ ਓਏ ।

ਬੱਚਿਆਂ ਦੇ ਜੂੜੇ ਕਰਨੋ ਮਾਵਾਂ ਅੱਜ ਤੰਗ ਨੇ,
ਕੇਸਾਂ ਤੋਂ ਜਾਨ ਛੁਡਾਓ ਕਰ ਦੀਆਂ ਮੰਗ ਨੇ,
ਪਟਿਆਂ ਨੇ ਪੱਟੀ ਦੁਨੀਆਂ ਹੋਈ ਕਮਾਲ ਓਏ ।



Sri Satguru Jagjit Singh Ji eLibrary NamdhariElibrary@gmail.com

ਸਿੱਖਾਂ ਦੇ ਪੁੱਤ ਪੋਤਰੇ ਬਣਦੇ ਪਏ ਲਾਲੇ ਨੇ,
ਧੰਨ ਧੰਨ ਉਹ ਮਾਪੇ ਜਿੰਨ੍ਹਾਂ ਹਾਲੇ ਸੰਭਾਲੇ ਨੇ,
ਕਿਹੜਾ ਬਦਲੇਗਾ ਦੱਸੋ ਵਿਗੜੀ ਜੋ ਚਾਲ ਓਏ ।

ਬੋਲੇ ਮਾਂ-ਬੋਲੀ ਬੱਚਾ ਥੱਪੜ ਨੇ ਮਾਰਦੇ,
ਲੰਗੜੀ ਅੰਗ਼ਰੇਜੀ ਸੁਣ ਕੇ ਸੀਨਾ ਨੇ ਠਾਰਦੇ,
ਹੰਸਾਂ ਤੋਂ ਕਾਂ ਪੈ ਬਣਦੇ ਸਾਡੇ ਅੱਜ ਬਾਲ ਓਏ ।

ਬੱਚਿਆਂ ਨੂੰ ਕੀਹ ਕਹੀਏ ਦੱਸ, ਸਾਡਾ ਹੀ ਦੋਸ਼ ਹੈ,
ਝੁਗਾ ਪਿਆ ਚੌੜ ਹੁੰਦਾ ਪਰ ਆਉਂਦੀ ਨ ਹੋਸ਼ ਹੈ,
ਸਭਿਤਾ ਜੋ ਭੁੱਲਣ ਕੌਮਾਂ ਆਉਂਦਾ ਜ਼ਆਲ ਓਏ ।

ਆਓ ਰਲ ਕੋਸ਼ਿਸ਼ ਕਰੀਏ ਸਿੱਖੀ ਬਚਾਣ ਦੀ,
ਸਦੀਆਂ ਦੀਆਂ ਉੱਚੀਆਂ ਸ਼ਾਨਾਂ ਕਾਇਮ ਰਖਾਣ ਦੀ,
ਲਈਏ "ਅਮਰੀਕ ਸਿੰਘ" ਨੂੰ ਵੀ ਅੱਜ ਨਾਲ ਓਏ ।

* * * * *


Sri Satguru Jagjit Singh Ji eLibrary NamdhariElibrary@gmail.com

# ਜੇ ਨ ਬਣਦਾ ਪਾਕਿਸਤਾਨ

ਜੇ ਬਣਦਾ ਨ ਪਾਕਿਸਤਾਨ, ਕਿਓਂ ਲੋਕਾਂ ਦਾ ਹੁੰਦਾ ਘਾਣ,
ਲੱਖਾਂ ਘਰ ਬਰਬਾਦ ਨ ਹੁੰਦੇ, ਸਦਾ ਲਈ ਨਾਸ਼ਾਦ ਨ ਹੁੰਦੇ,
ਭਾਈ ਆਪਸ ਵਿੱਚ ਨ ਜੁੱਟਦੇ, ਧੀਆਂ ਦੀ ਇੱਜ਼ਤ ਨ ਲੁੱਟਦੇ,
ਹੀਰੇ ਮਿੱਟੀ ਵਿਚ ਨ ਰੁਲਦੇ ਜ਼ਹਿਰ ਪਾਣੀਆਂ ਵਿਚ ਨ ਘੁਲਦੇ ।

ਸੱਜ ਵਿਆਹੀਆਂ ਰੰਡੀਆਂ ਹੋਈਆਂ, ਪਤ ਰੱਖਣ ਲਈ ਡੁੱਬ ਕੇ ਮੋਈਆਂ,
ਵੱਸਦੇ ਪਿੰਡ ਉਜੜਨੇ ਨਹੀਂ ਸਨ, ਵੱਸਦੇ ਸ਼ਹਿਰ ਵੀ ਸੜਨੇ ਨਹੀਂ ਸਨ,
ਕੱਠਾ ਦੇਸ਼ ਆਜ਼ਾਦ ਹੋ ਜਾਂਦਾ, ਰੱਲ ਖ਼ੁਸ਼ੀਆਂ ਸੰਸਾਰ ਮਨਾਂਦਾ,
ਪਰ ਬਿੱਲੇ ਇੱਕ ਚੱਲੀ ਚਾਲ, ਦੇਸ਼ ਦਾ ਕੀਤਾ ਮੰਦਾ ਹਾਲੇ ।

ਬਿੱਲੇ ਨੇ ਜਦ ਹਿੰਦੋਸਤਾਨ ਨਹੀਂ ਗ਼ੁਲਾਮ ਹੈ ਰਹਿੰਦਾ ਜਾਣ,
ਇਸ ਨੂੰ ਐਸੀ ਸਜ਼ਾ ਦਿਆਂਗੇ, ਆਜ਼ਾਦੀ ਦਾ ਮਜ਼ਾ ਦਿਆਂਗੇ,
ਸੇਹ ਦਾ ਤਕਲਾ ਰੱਖ ਚੱਲੇ ਹਾਂ, ਹਿੰਦ ਕਰ ਵਖੋ ਵੱਖ ਚੱਲੇ ਹਾਂ,
ਇਹ ਉਜੜਨਗੇ ਪਹਿਲਾਂ ਸਾਰੇ, ਵੇਖਾਂਗੇ ਜਦ ਲੱਖਾਂ ਮਾਰੇ ।

ਲੜਦੇ ਰਹਿਣਗੇ ਆਪੇ ਵਿੱਚ ਹੀ, ਰਹਿਣਗੇ ਸਦਾ ਸਿਆਪੇ ਵਿੱਚ ਹੀ,
ਚੈਨ ਦੇ ਨਾਲ ਨ ਕਦੇ ਬਹਿਣਗੇ, ਈਰਖਾ ਦੀ ਅੱਗ ਸਦਾ ਸਹਿਣਗੇ,
ਸਮਝੇ ਚਾਲ ਨ ਸਾਡੇ ਨੇਤਾ ਚੌਧਰ ਭੁੱਖ ਨੇ ਬਿਹਬਲ ਕਰਤਾ,
ਮੰਨ ਲਈ ਸੀ ਵੰਡ-ਵੰਡਾਈ ਕੀਹ ਵਰਤੇਗਾ ਸਮਝ ਨ ਆਈ,
ਨੇਤਾਵਾਂ ਨੂੰ ਚੌਧਰ ਮਿਲ ਗਈ, ਜੰਤਾ ਦੁੱਖ ਦਰਿਆਵੀਂ ਠਿਲ ਗਈ ।



Sri Satguru Jagjit Singh Ji eLibrary NamdhariElibrary@gmail.com

ਪੌਣੀ ਸਦੀ ਦੇ ਬਾਦ ਅਜੇ ਵੀ, ਔਖੇ ਦਿਨ ਨੇ ਯਾਦ ਅਜੇ ਵੀ,
ਜਿੰਨ੍ਹਾਂ ਨੇ ਉਹ ਦਿਨ ਵੇਖੇ ਨੇ, ਰਹਿੰਦੇ ਗੀਟਿਆਂ ਗਿਣ ਵੇਖੇ ਨੇ,
ਦਿਨੇ ਤਾਂ ਹਿੰਦੁਸਤਾਨ ਚ' ਹੁੰਦੇ, ਰਾਤੀਂ ਪਾਕਿਸਤਾਨ ਚ' ਹੁੰਦੇ,
ਜਨਮ ਭੂਮ ਦੀ ਯਾਦ ਸਤਾਵੇ, ਉਸ ਨੂੰ ਦੱਸੋ ਕੌਣ-ਭੁਲਾਵੇ ।

ਚੌਹਾਂ ਤੇ ਸੱਠ ਸਾਲ ਹੋਏ ਨੇ, ਅਜੇ ਵੀ ਨਹੀਂ ਬਹਾਲ ਹੋਏ ਨੇ,
ਕੋਈ ਕਹੇ ਰਫੂਜੀ ਆਏ, ਮੁਸਲਮਾਨਾਂ ਤੋਂ ਹੈਣ ਵਟਾਏ,
ਸਾਨੂੰ ਕੋਈ ਪਨਾਹੀਏ ਕਹਿੰਦੇ, ਸ਼ਰਨਾਰਥੀ ਨੇ ਸਾਨੂੰ ਕਹਿੰਦੇ,
ਰੱਬ ਨੇ ਕੀਹ ਵਰਤਾਇਆ ਭਾਣਾਂ ਜੋ ਉਮਰਾਂ ਤੱਕ ਸਹਿੰਦੇ ਜਾਣਾ ।

ਨੇਤਾਵਾਂ ਤਾਂ ਭਰੀ ਤਜੌਰੀ, ਜੰਤਾ ਦੇ ਹੱਥ ਭੁੱਖ ਡੰਗੋਰੀ,
ਮਹਿੰਗਾਈ ਨੇ ਮਾਰ ਮੁਕਾਇਆ, ਇੱਕ ਪਲ ਕਿਸ ਨੂੰ ਸੁਖ ਸਾਹ ਆਇਆ,
ਸਬਜੀ ਆਟਾ ਦਾਲ ਵੀ ਮਹਿੰਗੀ, ਜੰਤਾ ਮੋਢੇ ਦੁੱਖ ਦੀ ਵਹਿੰਗੀ,
ਫਲ ਵੀ ਹੱਥ ਨਾ ਲਾਵਨ ਦੇਵੇ, ਕਿਸ ਵੇਖੇ ਨੇ ਸੁੱਕੇ ਮੇਵੇ ।

ਸੁਣਿਐ ਅਜ ਅਗਸਤ ਹੈ ਪੰਦਰਾਂ, ਭੁੱਖ ਵੜੀ ਏ ਸਾਰੇ ਅੰਦਰਾਂ,
ਪਰ ਉਜੜੇ ਜੋ ਉਸ ਦਿਨ ਲੋਕੀਂ, ਉਹਨਾਂ ਦੀ ਪਿੱਠ ਕਿਸੇ ਨ ਠੋਕੀ,
ਰਾਤ ਦਿਨੇ ਪੈ ਯਾਦ ਨੇ ਕਰਦੇ, ਨ ਉਹ ਜੀਂਦੇ ਨ ਉਹ ਮਰਦੇ,
ਅੱਣ ਆਈ ਮੌਤ ਜੋ ਮਰ ਗਏ, ਜਾਨਾਂ ਸੀ ਕੁਰਬਾਨ ਉਹ ਕਰ ਗਏ,
ਉਹਨਾਂ ਨੂੰ ਸ਼ਰਧਾਂਜਲੀ ਦਈਏ, ਯਾਦ ਉਹਨਾਂ ਨੂੰ ਕਰਦੇ ਰਹੀਏ,
ਤੂੰ ਵੀ ਤਾਂ "ਅਮਰੀਕ" ਪਿਆਰੇ, ਦੁੱਖ ਆਜ਼ਾਦੀ ਸਹੇ ਨੇ ਸਾਰੇ ।

* * * * *


Sri Satguru Jagjit Singh Ji eLibrary NamdhariElibrary@gmail.com

# ਆਪਸ ਵਿੱਚ ਨ ਲੜੋ ਪਿਆਰੇ

ਆਪਸ ਵਿੱਚ ਨ ਲੜੋ ਪਿਆਰੇ, ਗੁੱਸੇ ਵਿੱਚ ਨ ਸੜੋ ਪਿਆਰੇ,
ਦੁਬਿਧਾ ਸੀਨੇ ਪਲਦੀ ਅੱਗ ਜੇ, ਕੁਝ ਨਹੀਂ ਛੱਡਦੀ ਜਾਏ ਲੱਗ ਜੇ,
ਏਕਤਾ ਅੱਖਰ ਪੜ੍ਹੋ ਪਿਆਰੇ, ਆਪਸ ਵਿੱਚ ਨ ਲੜੋ ਪਿਆਰੇ ।

ਦੁਬਿਧਾ ਦੀਮਕ ਖਾ ਜਾਵੇਗੀ, ਤੇਲ ਜੜ੍ਹਾਂ ਵਿੱਚ ਪਾ ਜਾਵੇਗੀ,
ਐਵੇਂ ਹੀ ਨ ਅੜੋ ਪਿਆਰੇ, ਆਪਸ ਵਿੱਚ ਨ ਲੜੋ ਪਿਆਰੇ ।

ਪਹਿਲਾਂ ਅਪਣਾ ਆਪ ਹੰਘਾਲੋ-ਫਿਰ ਦੂਜੇ ਦੇ ਨੁਕਸ ਵਖਾਲੋ,
ਕੋਲਿਆਂ ਵਾਂਗ ਨ ਰੜੋ ਪਿਆਰੇ, ਆਪਸ ਵਿੱਚ ਨ ਲੜੋ ਪਿਆਰੇ ।

ਚਾਰ ਦਿਨਾ ਦੈ ਜੱਗ ਦਾ ਮੇਲਾ, ਕਿਓਂ ਪਾਂਦੇ ਓ ਝਗੜ ਝਮੇਲਾ,
ਪਾਰੇ ਵਾਂਗ ਨ ਚੜ੍ਹੋ ਪਿਆਰੇ, ਆਪਸ ਵਿੱਚ ਨ ਲੜੋ ਪਿਆਰੇ ।

ਕੌੜੇ ਬੋਲ ਕਦੇ ਨ ਬੋਲੋ, ਜੋ ਕਹਿਣਾ ਏ ਪਹਿਲਾਂ ਤੋਲੋ,
ਮਿੱਠੀ ਘਾੜਤ ਘੜੋ ਪਿਆਰੇ, ਆਪਸ ਵਿੱਚ ਨ ਲੜੋ ਪਿਆਰੇ ।

ਚੰਗੀ ਸੰਗਤ ਕਰੋ ਹਮੇਸ਼ਾਂ, ਮੰਦ ਕਰਮਾਂ ਤੋਂ ਡਰੋ ਹਮੇਸ਼ਾਂ,
ਬੁਰਿਆਂ ਪਾਸ ਨ ਖੜੋ ਪਿਆਰੇ, ਆਪਸ ਵਿੱਚ ਨ ਲੜੋ ਪਿਆਰੇ ।

ਸਿਖੀਏ ਜੀਵਨ ਜਾਚ ਚੰਗੇਰੀ, ਕਦੀ ਨ ਆਵੇ ਸੋਅ ਮੰਦੇਰੀ,
ਪਿਆਰ ਦੇ ਵਲਗਣ ਵੜੋ ਪਿਆਰੇ, ਆਪਸ ਵਿੱਚ ਨ ਲੜੋ ਪਿਆਰੇ ।

ਨਿੰਦਿਆ ਚੁਗਲੀ ਕਰੋ ਕਦੇ ਨਾਂ, ਝੂਠੀ ਹਾਮੀ ਭਰੋ ਕਦੇ ਨਾਂ,
ਪੁੱਠਾ ਰਾਹ ਨ ਫੜੋ ਪਿਆਰੇ, ਆਪਸ ਵਿੱਚ ਨ ਲੜੋ ਪਿਆਰੇ ।

ਸੁਖੀ ਜੀਵਨ ਜੇ ਜੀਣਾ ਚਾਹੋ, ਜੀਵਨ ਮੁਕਤ ਜੇ ਥੀਣਾਂ ਚਾਹੋ,
ਪ੍ਰੀਤ ਦੀ ਘਾੜਤ ਘੜੋ ਪਿਆਰੇ, ਆਪਸ ਵਿੱਚ ਨ ਲੜੋ ਪਿਆਰੇ ।

ਸੰਗ ਲਵੋ "ਅਮਰੀਕ" ਜਿਹਾਂ ਨੂੰ, ਮੇਟੋ ਝਗੜੇ ਲੀਕ ਜਿਹਾਂ ਨੂੰ,
ਪ੍ਰੇਮ ਦੇ ਹੜ੍ਹ ਵਿਚ ਹੜੋ ਪਿਆਰੇ, ਆਪਸ ਵਿੱਚ ਨ ਲੜੋ ਪਿਆਰੇ ।



Sri Satguru Jagjit Singh Ji eLibrary NamdhariElibrary@gmail.com

# ਨੇਤਾਓ ਇਸ ਜੰਗ ਨੂੰ ਰੋਕੋ

ਨੇਤਾਓ ਇਸ ਜੰਗ ਨੂੰ ਰੋਕੋ, ਰੰਗ ਵਿੱਚ ਪੈਂਦੀ ਭੰਗ ਨੂੰ ਰੋਕੋ,
ਨਿਕਲ ਅੱਗ ਦੀ ਲੰਬ ਰਹੀਏ, ਤੱਕ ਮਾਨੁਖਤਾ ਕੰਬ ਰਹੀਏ ।

ਲੱਗੀ ਜੰਗ ਤਾਂ ਮਰਨਗੇ ਲੱਖਾਂ ਸੜੇਗੀ ਦੁਨੀਆਂ ਇਹ ਬਿਨ ਕੱਖਾਂ,
ਮੱਚੇਗੀ ਹਰ ਤਰਫ਼ ਤਬਾਹੀ, ਜ਼ਰਾ ਵੀ ਹੋਈ ਜੇ ਕੋਤਾਹੀ,
ਮਾਸੂਮਾਂ ਦੇ ਮਾਪੇ ਮਰਨੇ, ਨੇਤਾਗਣ ਪਰ ਕਦੇ ਨ ਮਰਨੇ,
ਖਤਮ ਹੋਣਗੇ ਸਭ ਮਨਸੂਬੇ, ਨਿਕਲਣਗੇ ਹਰ ਤਰਫ਼ੋਂ ਲੂੰਬੇ ।

ਮੌਤ ਨੇ ਐਸੀ ਚੱਕੀ ਝੋਣੀ, ਵਰਤੇਗੀ ਹਰ ਪਾਸੇ ਹੋਣੀ,
ਸੋਚੋ ਸੁਲਾਹ ਕਰਾਵਨ ਵਾਲੇ, ਹਨ ਹਥਿਆਰ ਬਨਾਵਨ ਵਾਲੇ,
ਜੇ ਜੰਗਾਂ ਨ ਲੱਗਣ ਕਿਧਰੇ, ਜੇ ਅੱਗਾਂ ਨ ਭੜਕਨ ਕਿਧਰੇ,
ਕਿੱਥੇ ਇਹ ਹਥਿਆਰ ਵਿਕਣਗੇ, ਲੋਕ ਜੇ ਅਮਨ ਦੇ ਨਾਲ ਟਿਕਣਗੇ ।

ਫੈਕਟਰੀਆਂ ਜੇ ਬੰਦ ਹੋ ਗਈਆਂ, ਆਪਸ ਵਿੱਚ ਫਿਰ ਲੈਣਗੇ ਝਈਆਂ,
ਕਿਵੇਂ ਅਸਾਡੀ ਸੁਲਾਹ ਕਰਾਵਣ, ਤੇਲ ਪਾ ਅੱਗ ਸਗੋਂ ਭੜਕਾਵਨ,
ਚਾਲ ਇਹਨਾਂ ਦੀ ਸਮਝੋ ਪਿਆਰੇ, ਇਹ ਸਾਰੇ ਹੀ ਹਨ ਹਤਿਆਰੇ,
ਜੰਤਾ ਹੀ ਜੇ ਰਹੀ ਨ ਸਮਝੋ ਕਿਸ ਤੇ ਕਰੋਗੇ ਰਾਜ ਨਾ ਸਮਝੋ ।

ਮਾਨੁਖਤਾ ਨੂੰ ਅੱਜ ਬਚਾਓ, ਨੇਤਾ ਜੀ ਜ਼ਰਾ ਹੋਸ਼ ਚ' ਆਓ,
ਜੰਤਾ ਦੀ ਕੁਝ ਕਰੋ ਭਲਾਈ, ਤੋਰੋ ਨ ਇਹਨੂੰ ਵੱਲ ਤਬਾਹੀ,
ਆਪਣੀ ਕਮੀ ਨ ਇੰਜ ਲੁਕਾਓ, ਆਪਸ ਵਿੱਚ ਨ ਲੋਕ ਲੜਾਓ,
ਖ਼ੇਡੋ ਨ ਇਹ ਖ਼ੂੰਨ ਦੀ ਹੋਲੀ, ਬੁਚੜਾਂ ਦੇ ਨ ਬਣ ਹਮਜੋਲੀ ।

ਲੋਕਾਂ ਨੂੰ ਅਪਣਾਂ ਕਰ ਜਾਣੋ, ਰਾਜ ਕਰੋ ਤੇ ਮੌਜਾਂ ਮਾਣੋ,
ਜੋ ਧਨ ਏਸ ਜੰਗ ਤੇ ਲੱਗਣਾ, ਲਹੂ ਜੋ ਏਸ ਜੰਗ ਵਿੱਚ ਵੱਗਣਾ,
ਇਹ ਹੀ ਧਨ ਲੋਕਾਂ ਤੇ ਲਾਓ, ਐਵੇਂ ਡੁਲਣੋ ਲਹੂ ਬਚਾਓ,
ਸੱਚੀ ਗੱਲ "ਅਮਰੀਕ" ਨੇ ਆਖੀ, ਇੰਜ ਕਰੋ ਲੋਕਾਂ ਦੀ ਰਾਖੀ ।



Sri Satguru Jagjit Singh Ji eLibrary NamdhariElibrary@gmail.com

# ਕੀ ਧੀਆਂ ਦਾ ਜ਼ੋਰ

ਕਿੱਥੇ ਜੰਮੀਆਂ ਕਿੱਥੇ ਪਲੀਆਂ, ਕਿੱਥੇ ਦਿੱਤੀਆਂ ਤੋਰ,
ਅਗਲੇ ਘਰ ਵਾਕਫ਼ ਨਾਂ ਜਾਣੂ, ਸਾਰੇ ਹੀ ਹੋਰ ਦੇ ਹੋਰ,
ਬੀਤਿਆ ਬਚਪਨ ਚੜ੍ਹੀ ਜਵਾਨੀ, ਆਇਆ ਜੋਬਨ ਲੋਰ,
ਵਰ ਭਾਲਣ ਫਿਰ ਬਾਬਲ ਤੁਰਿਆ, ਰੱਖ ਮਾਲਕ ਤੇ ਡੋਰ,
ਘਰ ਘਰ ਫਿਰਿਆ ਦਰ ਦਰ ਫਿਰਿਆ, ਕਰ ਕਰ ਤਿੱਖੀ ਤੋਰ,
ਸ਼ਾਮ ਸਵੇਰੇ ਦਿਨ ਤੇ ਰਾਤੀਂ, ਬਹੁਤ ਮਚਾਇਆ ਸ਼ੋਰ,
ਜੋ ਮਿਲਿਆ ਜਿੱਥੇ ਵੀ ਮਿਲਿਆ, ਸਭੀ ਲਾਲਚੀ ਚੋਰ,
ਦਾਜ ਫ਼ਰਿਸਤਾਂ ਲੰਮੀਆਂ ਲੰਮੀਆਂ ਮਾਇਆ ਦੀ ਲਿਸ਼ਕੋਰ ।

ਆਖ਼ਰ ਸੌਦਾ ਇੱਕ ਥਾਂ ਹੋਇਆ, ਜਿਓਂ ਵੇਚੀ ਦੇ ਢੋਰ,
ਵਰ ਨਾਂ ਵੇਖਿਆ ਘਰ ਹੀ ਤਕਿਆ, ਦੌਲਤ ਦੀ ਛਨਕੋਰ,
ਹੁਸਨ ਯੋਗਤਾ ਕੁਝ ਨਾਂ ਵੇਖੀ, ਜ਼ੁਲਮ ਹੋ ਗਿਆ ਘੋਰ,
ਦਾਜ ਦੇ ਲੋਭੀ ਵੈਰ ਪਏ ਨੇ, ਜਿਓਂ ਜਨਮਾਂ ਦਾ ਖੋਰ,
ਕੌਣ ਹਮੈਤੀ ਕਿਸ ਨੂੰ ਆਖਣ ਬਹੁਤ ਹੋ ਜਾਵਨ "ਬੋਰ",
ਦਿਨੇ ਰਾਤ ਦੀ ਕੜੀ ਮੁਸ਼ੱਕਤ, ਉਤੋਂ ਚੁੱਭਣੀ ਥ੍ਹੋਰ,
ਤੇਲ ਪਾ ਸੜਣ ਜਾਂ ਪੀਣ ਦਵਾਈ, ਉਜੜੇ ਸ਼ਹਿਰ ਭੰਬੋਰ,
ਰੋ ਧੋ ਮਾਪੇ ਘਰ ਤੁਰ ਜਾਵਨ, ਪੱਖ ਹੋਇਆ ਕਮਜ਼ੋਰ ।

ਦਾਜ ਲੋਭੀਆਂ ਮਾਪਿਆਂ ਉੱਤੇ ਕੇਸ ਬਨਾਇਆ ਹੋਰ,
ਤਾਹੀਏਂ ਅਜ ਧੀਆਂ ਦੇ ਮਾਪੇ, ਬੈਠੇ ਗੀਟੀਆਂ ਭੋਰ,
ਜਾਂ ਜੰਮਣੋ ਪਹਿਲਾਂ ਹੀ ਮਾਰਨ, ਹੋ ਕੇ ਮਨੋਂ ਕਠੋਰ,
ਦੱਸ "ਅਮਰੀਕ" ਢਿੱਡਾਂ ਨੂੰ ਕਿਸਨੇ, ਅੱਜ ਬਨਾਇਆ ਗੋਰ ।

* * * * *



Sri Satguru Jagjit Singh Ji eLibrary NamdhariElibrary@gmail.com

# ਕਾਰਾਂ ਵਾਲੇ ਕਾਰ ਭਜਾਕੇ

ਕਾਰਾਂ ਵਾਲੇ ਕਾਰ ਭਜਾ ਕੇ ਕੋਲੋਂ ਦੀ ਲੰਘ ਜਾਂਦੇ,
ਮੈਨੂੰ ਮੇਰੀ ਥੁੜ ਦਾ ਮੁੜ ਮੁੜ ਕੇ ਅਹਿਸਾਸ ਕਰਾਂਦੇ,
ਸੁਪਨਾਂ ਸੀ ਕਿ ਚੌਹ ਪਹੀਆਂ ਤੇ ਚੜ੍ਹ ਕੇ ਸੈਰ ਕਰਨ ਦਾ,
ਸਮਾਂ ਆ ਗਿਆ ਚੌਂਹ ਭਾਈਆਂ ਦੇ ਮੋਢੀ ਅੱਜ ਚੜ੍ਹਨ ਦਾ ।

ਕਾਸ਼ ਕਦੇ ਮੈਂ ਕਿਸੇ ਮਹਿਕਮੇ ਵਿੱਚ ਅਫ਼ਸਰ ਲੱਗ ਜਾਂਦਾ,
ਕਾਰ ਤੇਲ ਸਰਕਾਰੀ ਹੁੰਦੇ ਸੜਕ ਤੇ ਖ਼ੂਬ ਭਜਾਂਦਾ,
ਤੇਲ ਹੁੰਦਾ ਸਰਕਾਰੀ ਐਪਰ ਅਪਣੀਆਂ ਬੁੱਤੀਆਂ ਕੱਢਦਾ,
ਟੀ.ਏ., ਡੀ.ਏ. ਬਿਲ ਬਣਾਕੇ ਤਗੜੀਆਂ ਰਕਮਾਂ ਵੱਢਦਾ ।

ਜਾਂ ਫਿਰ ਠੇਕੇ ਦਾਰ ਹੀ ਬਣਦਾ ਠੇਕੇ ਲੈਂਦਾ ਭਾਰੇ,
ਸੀਮੇਂਟ ਸਰੀਆਂ ਰੇਤਾ ਬਜਰੀ ਖਾ ਜਾਂਦਾ ਮੈਂ ਸਾਰੇ,
ਬਿਨਾਂ ਮਸਾਲੇ ਬਿਲਡਿੰਗ ਪੁਲ ਜੇ ਛੇਤੀ ਹੀ ਡਿੱਗ ਜਾਂਦਾ,
ਫੇਰ ਮੁਰੰਮਤ ਕਰਨ ਦਾ ਠੇਕਾ ਝੱਟ ਮਨਜ਼ੂਰ ਕਰਾਂਦਾ ।

ਅਪਣੀਆਂ ਕੋਠੀਆਂ ਬੰਗਲੇ ਏਸੇ ਮਾਲ ਤੋਂ ਮੈਂ ਬਣਵਾਂਦਾ,
ਲੰਮੀ ਇੱਕ ਕਾਰ ਟਿਓਟਾ ਲੈ ਬਾਜ਼ਾਰੋਂ ਆਂਦਾ,
ਜਾਂ ਫਿਰ ਕਿਸੇ ਈਲੈਕਸ਼ਨ ਦੇ ਵਿੱਚ ਟਿਕਟ ਕੋਈ ਲੈ ਲੈਂਦਾ,
ਨਾਲ ਸਿੱਕਿਆਂ ਤੁੱਲ ਕੇ ਮੈਨੂੰ ਘਾਟਾ ਕੋਈ ਨਾਂ ਰਹਿੰਦਾ ।



Sri Satguru Jagjit Singh Ji eLibrary NamdhariElibrary@gmail.com

ਨੋਟਾਂ ਦੇ ਹਾਰਾਂ ਸੰਗ ਮੂੰਹ ਤਕ ਭਰਿਆ ਜਾਂਦਾ,
ਜਿੱਤ ਜਾਂਦਾ ਤਾਂ ਪੌਂ ਬਾਰਾਂ ਸਨ, ਹਾਰ ਵੀ ਨਾਂ ਪਛਤਾਂਦਾ,
ਕਾਰਾਂ ਤਾਂ ਕੀ ਕਾਰਾਂ ਵਾਲੇ ਵੀ ਅੱਗੇ ਪਿੱਛੇ ਫਿਰਦੇ,
ਮੇਰੇ ਆਉਣ ਤੇ ਅੱਗੇ ਪਿੱਛੇ ਖ਼ੂਬ ਗ਼ਲੀਚੇ ਵਿੱਛਦੇ ।

ਜਾਂ ਪੁੱਤਰ ਪਰਨਾਵਨ ਵੇਲੇ ਕਾਰ ਦਾ ਪਾਂਦਾ ਰੱਟਾ,
ਤਿੰਨ ਕਾਰਾਂ ਵੇਹੜੇ ਵਿੱਚ ਹੁੰਦੀਆਂ ਖ਼ੂਬ ਉਡਾਉਦੀਆਂ ਘੱਟਾ,
ਪਰ ਮੈਥੋਂ ਇਹ ਹੋ ਨਾਂ ਸੱਕਿਆ ਤਾਂ ਹੀ ਹਾਂ ਪਛਤਾਂਦਾ,
ਬੱਸ ਅੱਡਿਆਂ ਤੇ ਬੱਸ ਉਡੀਕਾਂ ਨਿੱਤ ਹਾਂ ਧੂੜ ਪੁਆਂਦਾ ।

ਮੈਥੋਂ ਕੁਝ ਵੀ ਹੋ ਨਾਂ ਸੱਕਿਆ ਰਹਿ ਗਿਆ ਤਾਂ ਹੀ ਫਾਡੀ,
ਬੱਸ ਉਡੀਕਾਂ ਨਿੱਤ ਅੱਡਿਆ ਤੇ, ਭੀੜ ਬਣੀ ਏ ਡਾਢੀ,
ਮੌਕੇ ਮਿਲੇ ਬਥੇਰੇ ਐਪਰ ਮੌਕਾ ਸਾਂਭ ਨਾਂ ਸੱਕਿਆ,
ਅੱਜ "ਅਮਰੀਕ" ਜਿਹਾ ਫਿਰ ਤਾਹੀਓਂ ਫਿਰਦਾ ਥੱਕਿਆ ਥੱਕਿਆ ।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਉਮਰ ਅਮੁੱਲੀ

ਹੈ ਇਨਸਾਨ ਦੀ ਉਮਰ ਅਮੁੱਲੀ, ਬਿਰਥੀ ਬੀਤ ਨਾਂ ਜਾਏ,
ਚੰਗਾ ਏ ਜੇ ਬੰਦਾ ਇਸ ਨੂੰ, ਭਲੇ ਕੰਮਾਂ ਵਿੱਚ ਲਾਏ ।

ਧੰਦਿਆਂ ਦੇ ਵਿੱਚ ਬੰਦਾ ਧੱਸ ਧੱਸ, ਐਸਾ ਹੈ ਧੱਸ ਜਾਂਦਾ,
ਮਕੜੀ ਦੇ ਜਾਲੇ ਜਿਉਂ ਆਖਰ, ਨੱਕ ਨੱਕ ਹੈ ਫੱਸ ਜਾਂਦਾ,
ਆਪੇ ਹੀ ਫਾੱਥੜਿਆ ਤੈਨੂੰ, ਦੱਸ ਹੁਣ ਕੌਣ ਛੁਡਾਏ ।

ਜਿੰਨ੍ਹਾਂ ਲਈ ਤੂੰ ਰਾਤ ਦਿਨੇ ਹੈ, ਸੱਜਣਾ ਭੱਸੜ ਪਾਇਆ,
ਵਕਤ ਅਖੀਰੀ ਉਨ੍ਹਾਂ ਹੀ ਤੈਨੂੰ ਅਗਨੀ ਵਿੱਚ ਜਇਆ,
ਭਲਾ ਕੰਮ ਜੇ ਕੀਤੈ ਕੋਈ, ਓਹੀ ਸਾਥ ਨਿਭਾਏ ।

ਸੱਪਾਂ ਦੀਆਂ ਤੂੰ ਸਿਰੀਆਂ ਮਿੱਧ ਮਿੱਧ, ਜੋ ਇਹ ਮਾਇਆ ਜੋੜੀ,
ਕਿਸੇ ਭਲੇ ਕੰਮ ਤੇ ਨਹੀਂ ਲਾਈ ਨਾਂ ਬਹੁਤੀ ਨਾਂ ਥੋੜੀ,
ਇਕ ਪੈਸਾ ਵੀ ਨਾਲ ਨਹੀਂ ਜਾਣਾ, ਕਿਤਨਾਂ ਜ਼ੋਰ ਲਗਾਏ ।

ਸਭੀ ਜਾਣਦੇ ਮੰਦੇ ਕੰਮੀਂ ਜਦ ਕਦ ਹੋਵੇ ਮੰਦਾ,
ਨੇਕ ਐਮਾਲ ਤੇ ਸਿਮਰਨ ਰੱਬ ਦਾ ਕਰੇ ਸੋ ਅਸਲੀ ਬੰਦਾ,
ਬੁਰਿਆਈਆਂ ਕਰਦਾ ਏ ਜੋ ਵੀ ਭਲਾ ਨਾਂ ਕਦੇ ਕਹਾਏ ।

ਦਸਾਂ ਨਹੂਆਂ ਦੀ ਕਿਰਤ ਕਰੇ ਕੁਝ ਲੋੜ ਵੰਦਾਂ ਨੂੰ ਵੰਡੇ,
ਫੌਕੀਆਂ ਮਾਰ ਕੇ ਆਪਣੇ ਅੱਗੇ ਬੀਜਦਾ ਹੈਂ ਕਿਓਂ ਕੰਡੇ,
ਨੇਕ ਬੰਦਾ ਹੀ ਸੁਰਖਰੂ ਹੋਕੇ ਏਥੋਂ ਚਾਲੇ ਪਾਏ ।

ਸੁਖ ਵੇਲੇ ਸ਼ੁਕਰਾਨਾਂ ਕਰੀਏ, ਦੁਖ ਵੇਲੇ ਅਰਦਾਸੇ,
ਹਰ ਵੇਲੇ ਜੇ ਸਿਮਰਨ ਕਰੀਏ, ਕਾਰਜ ਆਵਣ ਰਾਸੇ,
ਚੰਗਿਆਂ ਦੀ ਸੰਗਤ ਜੇ ਕਰੀਏ, ਤੱਥ ਜੋ ਇਹ ਸਮਝਾਏ ।

ਐ "ਅਮਰੀਕ" ਤੂੰ ਏਸ ਜਹਾਨ ਚ' ਕੋਈ ਭਲਾਈ ਕਰ ਜਾ,
ਜੀਵਨ ਦੀ ਪੁਸਤਕ ਦਾ ਪੰਨਾਂ ਚੰਗਾ ਲਿਖ ਕੇ ਧਰ ਜਾ,
ਆਉਣ ਵਾਲੀਆਂ ਨਸਲਾਂ ਨੂੰ ਜੋ ਸਿੱਧਾ ਰਾਹ ਵਖਾਏ ।



Sri Satguru Jagjit Singh Ji eLibrary NamdhariElibrary@gmail.com

# ਲੋਕਾਂ ਨੂੰ ਮੈਂ ਕੀ ਆਖਾਂ

ਦੱਸ ਦੁਨੀਆਂ ਦੇ ਲੋਕਾਂ ਨੂੰ ਮੈਂ ਕੀਹ ਆਖਾਂ,
ਕਿਤੇ ਵੀ ਮੈਨੂੰ ਟਿਕ ਕੇ ਬਹਿਣ ਨਾਂ ਦੇਂਦੇ ਨੇ,
ਚੁੱਪ ਕਰਾਂ ਤਾਂ ਆਖਣ ਘੁਨਾਂ ਬਣਿਆ ਏ,
ਜੇ ਬੋਲਾਂ ਤਾਂ ਕੁਝ ਵੀ ਕਹਿਣ ਨਾਂ ਦੇਂਦੇ ਨੇ ।

ਸਾਫ਼ ਜੇ ਕਪੜੇ ਪਹਿਨਾਂ ਤਾਂ ਫਿਰ ਕਹਿੰਦੇ ਨੇ,
ਵੇਖੋ ਬੱਗਾ ਕੁੱਕੜ ਬਣਿਆ ਫਿਰਦਾ ਏ,
ਰਤਾ ਜੇ ਮੈਲੇ ਹੋਣ ਤਾਂ ਕਰਦੇ ਮਸ਼ਕਰੀਆਂ,
ਕੋਲ ਬਹਿਣ ਤੋਂ ਵੀ ਫਿਰ ਬੜਾ ਤ੍ਰਹਿੰਦੇ ਨੇ ।

ਜੇ ਸੰਕੋਚ ਕਰਾਂ ਤਾਂ ਕਹਿਣ ਕੰਜੂਸ ਬੜਾ,
ਮੱਖੀ ਚੂਸ ਵੀ ਆਖ ਬੁਲਾਇਆ ਜਾਂਦਾ ਏ,
ਲੋੜ ਜੋਗਾ ਵੀ ਕਿਤੇ ਜੋ ਖਰਚਾ ਕਰ ਬੈਠਾਂ,
ਕਿਸੇ ਵੀ ਪਾਸੇ ਜੋਗਾ ਰਹਿਣ ਨਾਂ ਦੇਂਦੇ ਨੇ ।

ਮਨ ਭਾਉਂਦਾ ਪਕਵਾਨ ਜੇ ਕਿਧਰੇ ਖਾ ਬੈਠਾਂ,
ਆਖਣ ਇਸ ਨੂੰ ਬੜਾ ਜੀਭ ਦਾ ਚਸਕਾ ਏ,
ਜੇ ਆਖਾਂ ਮੈਂ ਸਾਦਾ ਰਹਿਣਾਂ ਚਾਹੁੰਦਾ ਹਾਂ,
ਸਾਦਗੀ ਦਾ ਵੀ ਸੁਆਦ ਲੈਣ ਨਾ ਦੇਂਦੇ ਨੇ ।

ਫੁੱਲਾਂ ਨੂੰ ਵੀ ਜੇਕਰ ਸੁੰਦਰ ਕਹਿ ਬੈਠਾਂ,
ਕਹਿੰਦੇ ਇਹ ਤਾਂ ਉਡਦਾ ਫਿਰਦਾ ਭੌਰਾ ਏ,
ਵੇਖੋ ਦੁਨੀਆ ਕੈਸੀ ਇਹ ਬਹੁ ਰੰਗੀਏ,
ਕੰਡਿਆ ਨਾਲ ਵੀ ਯਾਰੋ ਖਹਿਣ ਨਾਂ ਦੇਂਦੇ ਨੇ ।।



Sri Satguru Jagjit Singh Ji eLibrary NamdhariElibrary@gmail.com

ਕਰਾਂ ਸਹਾਇਤਾ ਕਿਸੇ ਜ਼ਰੂਰਤ ਮੰਦ ਦੀ ਜੇ,
ਆਖਣ ਹਾਤਮਤਾਈ ਦਾ ਸਾਕ ਸਬੰਧੀ ਏ,
ਘੁੱਟ ਲਵਾਂ ਜੇ ਹੱਥ ਪੁਆੜਾ ਹੋਰ ਪਵੇ,
ਕਿਸੇ ਵੀ ਗੱਲ ਨੂੰ ਭੁੰਜੇ ਪੈਣ ਨਾਂ ਦੇਂਦੇ ਨੇ ।

ਮੰਦਰ ਗੁਰੂਦੁਆਰੇ ਜੇ ਕਰ ਤੁਰ ਜਾਵਾਂ,
ਧਰਮ ਦਾ ਠੇਕੇਦਾਰ ਕਹਾਉਂਣਾ ਪੈਂਦਾ ਏ,
ਚੁੱਪ ਕਰਕੇ ਜੇ ਘਰੇ ਬਹਾਂ ਤਾਂ ਕਾਫ਼ਰ ਹਾਂ,
ਆਪਣੇ ਵਹਿਣ ਦੇ ਵਿੱਚ ਵੀ ਵਹਿਣ ਨਾਂ ਦੇਂਦੇ ਨੇ ।

ਤੂੰ "ਅਮਰੀਕ" ਨਾਂ ਪਰਵਾਹ ਕਰੀਂ ਜ਼ਮਾਨੇ ਦੀ,
ਸਿੱਧੇ ਰਾਹੇ ਜੇ ਤੁਰਿਆ ਹੈਂ ਤੁਰਿਆ ਜਾ,
ਇਹ ਲੋਕੀ ਤਾਂ ਕਿਸੇ ਨੂੰ ਵੀ ਬੱਸ ਵਾਹ ਲਗਦੀ,
ਦੁੱਖੀ ਨੂੰ ਵੀ ਰੱਜ ਦੁੱਖ ਸਹਿਣ ਨਾਂ ਦੇਂਦੇ ਨੇ ।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਦੁਬਿਧਾ ਦੂਰ ਕਰੋ

ਆਓ ਰਲ ਮਿਲ ਰਹੀਏ ਦੁਬਿਧਾ ਦੂਰ ਕਰੋ,
ਕੱਠਿਆਂ ਦੁਖ ਸੁਖ ਸਹੀਏ ਦੁਬਿਧਾ ਦੂਰ ਕਰੋ ।

ਚਾਰ ਦਿਨਾਂ ਦਾ ਜੀਵਨ ਕਿਓਂ ਟਕਰਾਂਦੇ ਹਾਂ,
ਟਕਰਾਂਦੇ ਹਾਂ ਆਖਰ ਪਛੋਤਾਂਦੇ ਹਾਂ,
ਸਿੱਧੇ ਰਾਹੇ ਪਈਏ, ਦੁਬਿਧਾ ਦੂਰ ਕਰੋ, ਆਓ ਰਲ..... ।

ਕਦੀ ਕਿਸੇ ਦਾ ਬੁਰਾ ਉਮਰ ਭਰ ਮੰਗੀਏ ਨਾਂ,
ਹਮਸਾਇਆ ਦਾ ਭਲਾ ਕਰਨ ਤੋਂ ਸੰਗੀਏ ਨਾਂ,
ਸਦਾ ਅਸੀਸਾਂ ਲਈਏ, ਦੁਬਿਧਾ ਦੂਰ ਕਰੋ, ਆਓ ਰਲ..... ।

ਨਫ਼ਰਤ ਮਨ ਦੀ ਮੈਲ ਹੈ ਮਨ ਵਿੱਚ ਰੱਖੀਏ ਨਾਂ,
ਇਹ ਮਹੁਰਾ ਹੈ ਮਰ ਜਾਵਾਂਗੇ ਚੱਖੀਏ ਨਾਂ,
ਕੌੜੇ ਬੋਲ ਨਾਂ ਕਹੀਏ, ਦੁਬਿਧਾ ਦੂਰ ਕਰੋ, ਆਓ ਰਲ..... ।

ਉੱਚਾ ਨੀਵਾਂ ਕੌਣ ਹੈ ਸੱਭੀ ਬਰਾਬਰ ਹਾਂ,
ਕੱਠਿਆਂ ਬਹਿਣ ਤੋਂ ਹੋਏ ਕਿਓਂ ਫਿਰ ਨਾਬਰ ਹਾਂ,
ਹਓਮੈਂ ਸਿਖ਼ਰੋਂ ਲਹੀਏ, ਦੁਬਿਧਾ ਦੂਰ ਕਰੋ, ਆਓ ਰਲ..... ।

ਏਸ ਉਮਰ ਵਿੱਚ ਕੋਈ ਭਲਾਈ ਕਰ ਚੱਲੀਏ,
ਜੱਗ ਵਿੱਚ ਚੰਗੀ ਕੋਈ ਨਿਸ਼ਾਨੀ ਧਰ ਚੱਲੀਏ,
ਘਿਓ ਖਿਚੜੀ ਹੋ ਰਹੀਏ, ਦੁਬਿਧਾ ਦੂਰ ਕਰੋ, ਆਓ ਰਲ..... ।

ਕਿਸੇ ਨਾਂ ਰਹਿਣਾਂ ਰਾਜਿਆਂ ਰਾਣਿਆਂ ਤੁਰ ਜਾਣਾਂ,
ਵੱਡਿਆਂ ਨਾਢੂ ਖਾਨਾਂ ਵੀ ਹੈ ਭੁਰ ਜਾਣਾਂ,
ਕਿਓਂ ਆਪਸ ਵਿੱਚ ਖਹੀਏ, ਦੁਬਿਧਾ ਦੂਰ ਕਰੋ, ਆਓ ਰਲ..... ।



Sri Satguru Jagjit Singh Ji eLibrary NamdhariElibrary@gmail.com

ਉਹ ਕਾਹਦਾ ਏ ਗਿਆਨ ਜੋ ਲੋਕ ਲੜਾਂਦਾ ਏ,
ਭੱਠ ਪਾਈਏ ਉਹ ਸੋਨਾਂ ਜੋ ਕੰਨ ਖਾਂਦਾ ਏ,
ਚੰਗੇ ਵਹਿਣੀ ਵਹੀਏ, ਦੁਬਿਧਾ ਦੂਰ ਕਰੋ, ਆਓ ਰਲ..... ।

ਵੱਡ ਮੁਲਾ ਹੈ ਜੀਵਨ ਲਾਲ ਗਵਾਈਏ ਨਾਂ,
ਭੰਗ ਦੇ ਭਾੜੇ ਹਥੋ ਲਾਲ ਵੰਜਾਈਏ ਨਾਂ,
ਮੰਦ ਕਰਮਾਂ ਤੋਂ ਛਹੀਏ, ਦੁਬਿਧਾ ਦੂਰ ਕਰੋ, ਆਓ ਰਲ..... ।

ਉੱਚਾ ਕਰੋ ਆਚਰਨ ਜੇ ਹੋਣਾਂ ਉੱਚਿਆਂ ਏ,
ਹਿਰਦਾ ਸੁੱਚਾ ਕਰੋ ਜੇ ਹੋਣਾ ਸੁੱਚਿਆਂ ਏ,
ਕੱਠੇ ਹੋ ਕੇ ਬਹੀਏ, ਦੁਬਿਧਾ ਦੂਰ ਕਰੋ, ਆਓ ਰਲ..... ।

ਧਨ ਦੌਲਤ ਜਾਂ ਮਾਇਆ ਦਾ ਨਾਂ ਮਾਨ ਕਰੋ,
ਰੂਹ ਅਪਣੀ ਨੂੰ ਉੱਚਾ ਤੇ ਬਲਵਾਨ ਕਰੋ,
ਨਾਲ "ਅਮਰੀਕ" ਨੂੰ ਲਈਏ, ਦੁਬਿਧਾ ਦੂਰ ਕਰੋ, ਆਓ ਰਲ..... ।

* * * * *



Sri Satguru Jagjit Singh Ji eLibrary NamdhariElibrary@gmail.com

# ਨੇਤਾ ਬਣ ਚਿੱਚੜ

ਨੇਤਾ ਬਣ ਚਿੱਚੜ ਲੋਕਾਂ ਦਾ ਚੂਸ ਰਹੇ ਨੇ ਖੂੰਨ,
ਖਤਮ ਹੋਵੇਗੀ ਕਦੋਂ ਕੁ ਇਹਨਾਂ ਚਮਜੂੰਆਂ ਦੀ ਜੂਨ ।

ਜੋ ਕੁਝ ਆਓਂਦਾ ਹਜ਼ਮ ਕਰਨ ਦਾ ਮੇਹਦਾ ਵੱਡਾ ਰੱਖਦੇ,
ਚਿਮਚਾਗਿਰੀ ਦੇ ਵਿੱਚ ਮਾਹਰ ਨੇ ਕਸਰ ਨ ਉੱਕਾ ਰੱਖਦੇ,
ਲੋਕਾਂ ਦਾ ਧਨ ਖਾ ਜਾਣਾਂ ਹੀ ਇਹਨਾਂ ਦਾ ਮਜ਼ਮੂਨ ।

ਕਲ ਕੱਖਾਂ ਦੇ ਵਾਂਗ ਸੀ ਰੁਲਦੇ ਗਲੀਆਂ ਦੇ ਵਿੱਚ ਸਾਰੇ,
ਅੱਜ ਇਹਨਾਂ ਦੇ ਬੈਂਕ ਦੇ ਖਾਤੇ ਹੋਏ ਬਹੁਤੇ ਭਾਰੇ,
ਢਿੱਡ ਇਹਨਾਂ ਦੇ ਖਾ ਖਾ ਕੇ ਅੱਜ ਹੋਏ ਸਵਾਏ ਦੂਨ ।

ਲੁੱਟ ਲੁੱਟ ਮਾਇਆ ਲੋਕਾਂ ਦੀ ਇਹ ਪਰਦੇਸੀਂ ਪੈ ਘੱਲਦੇ,
ਮਾਲ ਹਰਾਮ ਦੇ ਉੱਤੇ ਵੇਖੋ ਸਾਰੇ ਅਜ ਨੇ ਪਲਦੇ,
ਥੋਕ ਵਿੱਚ ਨੇ ਲੁੱਟ ਲੁੱਟ ਖਾਂਦੇ ਨਹੀਂ ਖਾਂਦੇ ਪਰਚੂਨ ।

ਸ਼ਰਧਾ ਨਾਲ ਜੋ ਤਿਲ ਫੁੱਲ ਲੈਕੇ ਜੋ ਏਥੇ ਆਵਨ,
ਲੁੱਟ ਦਾ ਮਾਲ ਸਮਝ ਇਹ ਪਾਪੀ ਹਜ਼ਮ ਇਹ ਕਰਦੇ ਜਾਵਨ,
ਭੁੱਖੇ ਨੰਗੇ ਆਏ ਸਨ ਅੱਜ ਬਣ ਬੈਠੇ ਫਰਊਨ ।

ਜਗਤ ਮਾਤ ਨੇ ਕਿਹਾ ਜੋ ਸੂਈ ਲੈਂਦੇ ਅਹਿਰਨ ਨਿਕਲੇ,
ਪਰ ਇਹ ਅਹਿਰਨਾਂ ਖਾਈ ਜਾਵਨ ਸ਼ਰਮ ਟੰਗੀ ਏ ਛਿਕਲੇ,
ਕੀ ਹਾਲਤ ਹੋਣੀ ਇਹਨਾਂ ਦੀ ਖੁਰਨਗੇ ਵਾਂਗੂ ਲੂਣ ।

'ਰੱਬਾ' ਅੱਗੇ ਈ ਬਹੁਤ ਵਧੇ ਨੇ ਹੋਰ ਨ ਘੱਲੀਂ ਚਿਮਚੇ,
ਏਸ ਜਹਾਨ ਨੂੰ ਖਾ ਜਾਵਨਗੇ ਜੰਮਣੋਂ ਟਾਲੀਂ ਚਿਮਚੇ,
ਅਲਟਰਾ ਸਾਊਂਡ ਕਰਾ ਇਹਨਾਂ ਦਾ ਕਰਦੇ ਖਤਮ ਭਰੂਨ ।

ਜੇ ਰੱਬ ਅਰਜ਼ "ਅਮਰੀਕ" ਦੀ ਮੰਨੇ ਸੁਖੀ ਜਹਾਨ ਇਹ ਹੋਵੇ,
ਲੁੱਟ-ਖੁਸ ਤੇ ਘੱਪਲਿਆਂ ਦੀ ਫਿਰ ਕੋਈ ਨ ਚੱਕੀ ਝੋਵੇ,
ਹਥ ਬੰਨ੍ਹ ਅਸੀਂ ਹੋਵਾਂਗੇ ਤਦ ਮਸ਼ਕੂਰੋ ਮਮਨੂਨ ।



Sri Satguru Jagjit Singh Ji eLibrary NamdhariElibrary@gmail.com

# ਰੁਬਾਈਆਂ

ਅਸੀਂ ਹਰਿਆਣੇ ਵਿੱਚ ਰਹਿੰਦੇ ਹਾਂ,
ਸਭ ਦੁਖ ਸੁਖ ਏਥੇ ਸਹਿੰਦੇ ਹਾਂ,
ਕਿਸੇ ਹੋਰ ਸਵਰਗ ਦੀ ਲੋੜ ਨਹੀਂ,
ਏਸੇ ਨੂੰ ਜੰਨਤ ਕਹਿੰਦੇ ਹਾਂ ।

ਹਰ ਨਿਹਮਤ ਏਥੋਂ ਪਾਈ ਏ,
ਹਰ ਸੁਖ ਸਮਰਿਧੀ ਆਈ ਏ,
ਜ਼ਰਾ ਚਾਰ ਚੁਫੇਰੇ ਵੇਖ ਲਵੋ,
ਖ਼ੁਸ਼ਹਾਲੀ ਛਹਿਬਰ ਲਈ ਏ ।

ਇਹ ਧਰਤੀ ਬੜੀ ਪਵਿੱਤਰ ਹੈ,
ਇਹਦੀ ਗਾਥਾ ਬੜੀ ਵਚਿੱਤਰ ਹੈ,
ਹਰਿਆਣੇ ਵਿੱਚ ਜੋ ਰਹਿੰਦਾ ਏ,
ਆਪੋ ਵਿੱਚ ਗੂੜ੍ਹਾ ਮਿੱਤਰ ਹੈ ।

ਹੱਡ-ਭੰਨਵੀ ਮਿਹਨਤ ਕਰਦੇ ਹਾਂ,
ਮਿਹਨਤ ਤੋਂ ਕਦੇ ਨ ਡਰਦੇ ਹਾਂ,
ਅਪਣਾਂ ਹੀ ਨਹੀਂ ਹੋਰਾਂ ਦਾ ਵੀ,
ਅਸੀਂ ਪੇਟ ਹਮੇਸ਼ਾਂ ਭਰਦੇ ਹਾਂ ।

ਕਿਤੇ ਦੇਸ਼ ਤੇ ਭੀੜ ਜੇ ਬਣਦੀ ਏ,
ਪਰਵਾਹ ਨ ਰਹਿੰਦੀ ਤਨ ਦੀ ਏ,
ਅਸੀਂ ਸਿਰਾਂ ਤੇ ਖੱਫਨ ਬੰਨ੍ਹ ਤੁਰੀਏ,
ਅਸਾਂ ਰੱਖ ਲਈ ਸ਼ਾਨ ਵਤਨ ਦੀ ਏ ।

ਸਾਨੂੰ ਫੇਰ ਜਨਮ ਜੇ ਮਿਲਦਾ ਏ,
ਅਰਮਾਨ ਇਹ ਸਾਡੇ ਦਿਲ ਦਾ ਏ,
ਹਰਿਆਣੇ ਵਿੱਚ ਹੀ ਸੌ ਵਾਰੀ,
ਜੰਮੀਏ ਤਾਂ ਗ਼ਮ ਨਹੀਂ ਤਿਲਚਾ ਏ ।



Sri Satguru Jagjit Singh Ji eLibrary NamdhariElibrary@gmail.com

ਰੱਬਾ ਕਦੇ ਨ ਇਹਨਾਂ ਤਾਈਂ ਸੁਮੱਤ ਦਵੀਂ,
ਇਹਨਾਂ ਨੂੰ ਨ ਕਦੇ ਸਲੂਕ ਇਕੱਠ ਦਵੀਂ,
ਚਾਰ ਚੁਫੇਰੇ ਲੋਕੀਂ ਹੱਸਦੇ ਦਿੱਸੇ ਨੇ,
ਝਗੜੇ ਹੀ ਆਏ ਇਹਨਾਂ ਦੇ ਹਿੱਸੇ ਨੇ ।

ਘਰ ਬੈਠੇ ਜੇ ਉਲਝੀ ਤੰਦ ਸੁਝਾ ਲੈਂਦੇ,
ਇਹ ਖਰਚਾ ਤੇ ਖੇਚਲ ਬੜੀ ਬਚਾ ਲੈਂਦੇ,
ਪਰ ਇਹਨਾਂ ਦੇ ਭਾਗੀਂ ਇਹ ਗੱਲ ਕਿੱਥੇ ਹੈ,
ਏਸੇ ਗੱਲ ਇਹਨਾਂ ਨੂੰ ਲਾਇਆ ਵਿੱਥੇ ਹੈ ।

ਇਹਨਾਂ ਗੁਰਾਂ ਤੋਂ ਮੰਗਿਆਂ ਕੇਵਲ ਦੰਗਾ ਏ,
ਲਈ ਰੱਖਣਾਂ ਕੋਈ ਨ ਕੋਈ ਪੰਗਾ ਏ,
ਹੋਰ ਕੋਈ ਨ ਲੱਭੇ ਅਪਣੇ ਸੰਗਾ ਏ,
ਦਾਨ ਗੁਰਾਂ ਤੋਂ ਮੰਗਿਆਂ ਕੈਸਾ ਚੰਗਾ ਏ ।

ਛੱਡ ਅਮਰੀਕ ਇਹ ਗੱਲ ਹੋ ਗਈ ਲੰਮੇਰੀ ਏ,
ਅਕਲ ਆਉਣ ਵਿੱਚ ਲੱਗਣੀ ਹਾਲੇ ਦੇਰੀ ਏ ।

* * * * *



Sri Satguru Jagjit Singh Ji eLibrary NamdhariElibrary@gmail.com

# ਵਿਹਲਿਆਂ ਜੱਟਾਂ ਦਾ

ਜੀਨ ਲੱਗੇ ਜਦੋਂ ਵਿਹਲਿਆਂ ਜੱਟਾਂ ਦਾ,
ਪਾ ਲੈਂਦੇ ਨੇ ਰੌਲਾ ਸਾਂਝੀਆਂ ਵੱਟਾਂ ਦਾ,
ਸੱਦਣ ਅਗਲੇ ਪਿਛਲੇ ਰਿਸ਼ਤੇਦਾਰਾਂ ਨੂੰ,
ਪੰਚਾਂ ਸਰਪੰਚਾਂ ਤੇ ਨੰਬਰਦਾਰਾਂ ਨੂੰ ।

ਕਾਨੂੰਗੋ ਪਟਵਾਰੀ ਸੱਦ ਬੁਲਾਉਂਦੇ ਨੇ,
ਰੋਜ਼ ਨਾਮਦੇ ਅਤੇ ਜਰੀਬ ਲਿਆਉਂਦੇ ਨੇ,
ਦਾੜ੍ਹੀ ਅਪਣੀ ਦੇਂਦੇ ਹਥੀਂ ਗੈਰਾਂ ਦੇ,
ਪੁੱਟਣ ਭਾਵੇਂ ਰੋਲਨ ਥੱਲੇ ਪੈਰਾਂ ਦੇ ।

ਇਕ ਵੇਰਾਂ ਉਹ ਵੱਟ ਨੂੰ ਇੱਕ ਵੱਲ ਕਰਦੇ ਨੇ,
ਫਿਰ ਦੂਜੇ ਦਾ ਰਕਬਾ ਘੱਟ ਕਰ ਧਰਦੇ ਨੇ,
ਸਿਖਰ ਦੋਪਹਿਰੇ ਖਿੱਚਣ ਜੱਟ ਜਰੀਬਾਂ ਨੂੰ,
ਬੁਲ੍ਹਾਂ ਉਤੇ ਤਿਆਏ ਫੇਰਨ ਜੀਭਾਂ ਨੂੰ ।

ਕਾਨੂਗੋ ਪਟਵਾਰੀ ਖਿੜ ਖਿੜ ਹੱਸਦੇ ਨੇ,
ਲੜਦੇ ਰਹਿਣ ਜੇ ਜੱਟ ਤਾਂ ਚੰਗੇ ਵੱਸਦੇ ਨੇ,
ਕਿਥੋਂ ਮਿਲਨ ਅਸਾਨੂੰ ਗੱਫੇ ਮਾਇਆ ਦੇ,
ਪਰਚੇ ਅਕਲ ਤੇ ਪੈਣ ਨ ਵਹਿਮ ਦੀ ਛਾਇਆ ਦੇ ।

ਆਪਸ ਵਿੱਚ ਇਹ ਬਹਿ ਕੇ ਗੱਲ ਮੁਕਾਂਦੇ ਨਹੀਂ,
ਸਾਰੀ ਉਮਰਾਂ ਸੁਖ ਇਹ ਤਾਂ ਹੀ ਪਾਂਦੇ ਨਹੀਂ,
ਕਦੇ ਵੀ ਇਹਨਾਂ ਜੱਟਾਂ ਰਲ ਕੇ ਬਹਿਣਾਂ ਨਹੀਂ,
ਆਪਣਿਆਂ ਦਾ ਇਹਨਾਂ ਮੰਨਣਾ ਕਹਿਣਾ ਨਹੀਂ ।



Sri Satguru Jagjit Singh Ji eLibrary NamdhariElibrary@gmail.com

# ਸੰਸਦ ਵਿੱਚ ਰੌਲਾ

ਸੰਸਦ ਵਿੱਚ ਮਹਿੰਗਾਈ ਬਾਰੇ, ਨੇਤਾਵਾਂ ਰੱਜ ਲਾਏ ਨਾਰੇ,
ਸੰਸਦ ਬਣ ਗਈ ਮਛਲੀ ਮੰਡੀ, ਇੱਕ ਦੂਜੇ ਦੀ ਫੜ ਲਈ ਘੰਡੀ,
ਪੜ੍ਹੇ ਲਿਖੇ ਇਹ ਸਾਰੇ ਹੀ ਨੇ, ਅਕਲੋਂ ਪਰ ਅੰਧਿਆਰੇ ਹੀ ਨੇ,
ਏਦਾਂ ਤਾਂ ਅਨਪੜ੍ਹ ਨਹੀਂ ਲੜਦੇ, ਕੀਹ ਏਹੋ ਕੁਝ ਇਹ ਨੇ ਪੜਦੇ,
ਕਾਰਵਾਈ ਨਹੀਂ ਚੱਲਣ ਦਿੱਤੀ, ਰੌਲ ਰੱਟ ਨਹੀਂ ਹੱਟਣ ਦਿੱਤੀ,
ਸੁਣਿਐ ਮਿੰਟ ਦਾ ਸੱਠ ਹਜ਼ਾਰ, ਪੈ ਜਾਂਦੈ ਜੰਤਾ ਤੇ ਭਾਰ ।

ਏਦਾਂ ਕਿੰਜ ਮਹਿੰਗਾਈ ਘਟੇਗੀ, ਏਸ ਤਰਾਂ ਤਾਂ ਹੋਰ ਵਧੇਗੀ,
ਹੁਣ ਸੰਮਤੀ ਹੈ ਇੱਕ ਬਣਾਈ, ਸੋਚੋ ਕੀਕਰ ਹਟੇ ਮਹਿੰਗਾਈ,
ਬਹਿਸਾਂ ਹੋਈਆਂ, ਬਣੇ ਵੀਚਾਰ, ਫੈਸਲਾ ਹੋਇਆ ਆਖਰਕਾਰ,
ਆਓ ਰਲ ਕੇ ਮਤਾ ਪਕਾਈਏ, ਮਹਿੰਗਾਈ ਨੂੰ ਕਿੰਜ ਨੱਥ ਪਾਈਏ,
ਕਾਰਵਾਈ ਹੁਣ ਚੱਲਣ ਦਈਏ, ਰਲ ਕੇ ਇਸ ਡਾਇਨ ਗਲ ਪਈਏ,
ਬੱਸ ਜੀ ਮਤਾ ਪਾਸ ਇਹ ਹੋਇਆ, ਮਹਿੰਗਾਈ ਦਾ ਧੋਣਾ ਧੋਇਆ ।

ਕੱਠੇ ਬਹਿ ਗਏ ਰਲ ਕੇ ਸਾਰੇ, ਕਿਸੇ ਨਹੀਂ ਅੱਜ ਮਾਰੇ ਨਾਰੇ,
ਜਾਪੇ ਚੀਜ਼ਾਂ ਸਸਤੀਆਂ ਹੋਈਆਂ, ਜੰਤਾ ਨੂੰ ਅਜ ਮਿਲੀਆਂ ਢੋਈਆਂ,
ਕਹਿਣ ਮਹਿੰਗਾਈ ਦੀ ਗੱਲ ਛੱਡੋ, ਭੁੱਲੋ ਇਸ ਨੂੰ ਫਸਤਾ ਵੱਢੋ,
ਜਿਤਨਾਂ ਇਸ ਨੂੰ ਯਾਦ ਕਰਾਂਗੇ, ਹੋਰ ਏਸ ਦਾ ਅਸਰ ਜਰਾਂਗੇ,
ਪਖਸ਼ ਵਿਪਖਸ਼ ਹੋਏ ਨੇ ਰਾਜ਼ੀ, ਦੱਸੋ ਹੁਣ ਕੀ ਕਰੇਗਾ ਕਾਜੀ,
ਮਹਿੰਗਾਈ ਨੂੰ ਦਿਲੋਂ ਭੁਲਾਓ, ਸਭ ਨੇ ਦਿੱਤਾ ਇਹੀ ਸੁਝਾਓ ।

ਆਓ ਹੋਰ ਕੋਈ ਕੰਮ ਕਰੀਏ, ਮਹਿੰਗਾਈ ਤੋਂ ਨ ਡਰ ਮਰੀਏ,
ਕੈਂਸਰ ਦਾ ਹੈ ਰੋਗ ਪਛਾਣੋ, ਇਸ ਦਾ ਨਹੀਂ ਇਲਾਜ ਇਹ ਜਾਣੋ,
ਪੜ੍ਹ ਇਹ ਖ਼ਬਰ ਮੈਂ ਸੋਚ ਰਿਹਾ ਹਾਂ, ਕੀਹ ਕਰਨੈ ਹੁਣ ਲੋਚ ਰਿਹਾ ਹਾਂ,
ਕੀਕਰ ਹਟੇਗੀ ਇਹ ਮਹਿੰਗਾਈ, ਚੋਰ ਕੁੱਤੀ ਨੇ ਸਾਂਝ ਹੈ ਪਾਈ,
ਇਹਨਾਂ ਹੀ ਤੇ ਰੇਟ ਵਧਾਏ, ਭਾਵਾਂ ਨੂੰ ਫਿਰ ਕੌਣ ਘਟਾਏ,
ਬਹੁਤੇ ਨੇ ਇਹ ਰਲੇ ਬਪਾਰੀ, ਕੁਝ ਇਹਨਾਂ ਦੇ ਹਨ ਸਹਿਚਾਰੀ ।



Sri Satguru Jagjit Singh Ji eLibrary NamdhariElibrary@gmail.com

ਇਹ ਸਾਰੇ ਚੱਕੀ ਦੇ ਪੁੜ ਨੇ, ਸੰਸਦ ਵਿਚ ਜਾ ਬੈਠੇ ਜੁੜ ਨੇ,
ਜੰਤਾ ਵਿੱਚ ਦਲੀਂਦੀ ਪਈ ਏ, ਇਸ ਦੀ ਕਿਸੇ ਨ ਵਾਤ ਲਈਏ,
ਲੋਕ ਸਭਾ ਜਾਂ ਸੰਸਦ ਕਾਹਦੀ, ਠੱਗ ਓਥੇ ਰਲ ਕਰਨ ਉਪਾਧੀ,
ਖਰਚ ਕਰੋੜਾਂ ਓਥੇ ਪੁੱਜਣ ਚੋਣਾਂ ਕਰਨ ਲਈ ਫਿਰ ਰੁੱਝਣ,
ਜੰਤਾ ਚਾਹੇ ਮਰੇ ਜਾਂ ਜੀਵੇ, ਸੁਥਰਾ ਘੋਲ ਪਤਾਸੇ ਪੀਵੇ,
ਲੋਕਾਂ ਦੇ ਪੈਸੇ ਤੇ ਸਾਰੇ ਇਹ ਲੈਂਦੇ ਨੇ ਰਲ ਚਟਖਾਰੇ ।

ਰੋਮ ਸੜੇ ਤੇ ਰਾਖ ਹੋ ਜਾਏ, ਨੀਰੂ ਬੰਸੀ ਬੈਠ ਵਜਾਏ,
ਕੀ ਜਾਣਨ ਕੀ ਬੀਤ ਰਹੀਏ, ਠੱਗਾਂ ਦੀ ਹੋ ਜੀਤ ਰਹੀਏ,
ਜਵਾਂ ਦਾ ਬੋਲ੍ਹ ਗੱਦੋਂ ਰਖਵਾਲੇ, ਦੱਸੋ ਬੋਲ੍ਹ ਨੂੰ ਕੌਣ ਸੰਭਾਲੇ,
ਵਾੜ ਖੇਤ ਨੂੰ ਖਾ ਹੈ ਚੱਲੀ, ਕੌਣ ਬਿੱਲੀ ਗੱਲ ਬੰਨ੍ਹੇ ਟੱਲੀ,
ਠੱਗਾਂ ਨੂੰ ਹੈ ਮਿਲੀ ਆਜ਼ਾਦੀ, ਜਿੰਨ੍ਹਾਂ ਕੀਤੀ ਰਲ ਬਰਬਾਦੀ,
ਫ਼ਿਕਰ ਨ ਕਰ "ਅਮਰੀਕ" ਪਿਆਰੇ, ਛੇਤੀ ਮਿਟਣਗੇ ਦੁੱਖੜੇ ਸਾਰੇ ।

ਲੋਕੀਂ ਜਦ ਹੋ ਗਏ ਇੱਕਠੇ, ਉਠਣਗੇ ਹੱਥ ਫੜ ਕੇ ਲੱਠੇ,
ਬਦਲ ਦੇਣਗੇ ਰਾਜ ਦੀ ਬੰਤਰ, ਅਸਲੀ ਹੋਏਗਾ ਪ੍ਰਜਾ ਤੰਤਰ,
ਮਹਿੰਗਾਈ ਨ ਹਟੇਗੀ ਭਾਵੇਂ, ਸਾਧਨ ਹੋਣਗੇ ਸਭ ਦੇ ਸਾਵੇਂ,
ਕਲਜੁਗ ਜਾਣੈ ਸਤਜੁਗ ਲਗਣੈ, ਇੱਕ ਦੂਜੇ ਨੂੰ ਕਿਸੇ ਨ ਠੱਗਣੈ ।

* * * * *



Sri Satguru Jagjit Singh Ji eLibrary NamdhariElibrary@gmail.com

# ਕੋਈ ਕ੍ਰਿਸ਼ਮਾ ਕਰ ਜਾ

ਤੁਲਸੀ ਨੇ ਰਾਮਾਇਨ ਲਿਖ ਕੇ ਘਰ ਘਰ ਰਾਮ ਰਮਾਇਆ,
ਲੱਖਾਂ ਨੇ ਰਾਮਾਇਣ ਪੜ੍ਹ ਕੇ ਸਫਲਾ ਜਨਮ ਬਨਾਇਆ,
ਸੂਰ ਦਾਸ ਨੇ ਕ੍ਰਿਸ਼ਨ ਜੀ ਬਾਰੇ ਐਸੇ ਭਜਨ ਉਚਾਰੇ,
ਪੜ੍ਹ ਜਿੰਨ੍ਹਾਂ ਨੂੰ ਕ੍ਰਿਸ਼ਨ ਪਿਆਰ ਦੇ ਲੋਕਾਂ ਲਏ ਹੁਲਾਰੇ ।

ਮੀਰਾਂ ਨੇ ਪਦ ਲਿਖ ਗਿਰਧਰ ਦੇ ਮਸਤ ਬਨਾਏ ਲੋਕੀਂ,
ਮੀਰਾਂ ਮੀਰਾਂ ਹੋਈ ਜੱਗ ਤੇ ਬਹੁ ਮਸਤਾਏ ਲੋਕੀਂ ।
ਗੁਰੂ ਨਾਨਕ ਨੇ ਸਭ ਪੱਖਾਂ ਤੇ ਬਾਣੀ ਖ਼ੂਬ ਉਚਾਰੀ,
ਲੋਕਾਂ ਨੇ ਪੜ੍ਹ ਪੜ੍ਹ ਕੇ ਜਿਸ ਨੂੰ ਆਪਣੀ ਜੂਨ ਸਵਾਰੀ ।

ਭਗਤ ਕਬੀਰ ਨੇ ਪਾਖੰਡਾਂ ਨੂੰ ਖ਼ੂਬ ਖ਼ੂਬ ਹੈ ਭੰਡਿਆ,
ਊਚ ਨੀਚ ਦੀ ਲੀਕ ਮਿਟਾਵਨ ਖ਼ਾਤਰ ਮਰਨਾਂ ਮੰਡਿਆ,
ਸ਼ੇਖ਼ ਫਰੀਦ ਦੇ ਪੜ੍ਹੇ ਸਲੋਕ ਜੋ ਦੂਰ ਹੁੰਦਾ ਹੰਕਾਰੋਂ,
ਪਿਆਰ ਗੁੱਝੀਆਂ ਰਮਜ਼ਾਂ ਪੜ੍ਹ ਕੇ ਬਚਦਾ ਨਫ਼ਰਤ ਗਾਰੋਂ ।

ਵਾਰਸ ਸ਼ਾਹ ਨੇ ਹੀਰ ਲਿਖੀ ਤਾਂ ਹੀਰ ਹੀਰ ਜੱਗ ਹੋਈ,
ਮਾਂ-ਬੋਲੀ ਦੀ ਸਿਫ਼ਤ ਉਸ ਨੇ ਇਸ ਦੇ ਵਿੱਚ ਸਮੋਈ,
ਮੋਹਣ ਸਿੰਘ ਨੇ ਮਾਂ ਦੀਆਂ ਸਿਫ਼ਤਾਂ ਕਰ ਉੱਚਾ ਪਦ ਪਾਇਆ,
ਅਮਰ ਹੋ ਗਿਆ ਮਾਂ-ਬੋਲੀ ਦਾ ਜਦ ਉਸ ਮਾਨ ਵਧਾਇਆ ।

ਅੰਮ੍ਰਿਤਾ ਨੇ ਵਾਰਸ ਨੂੰ ਜਾਂ ਕਬਰੋਂ ਇੱਕ ਸੱਦ ਮਾਰੀ,
ਪਿਆਰ ਦੇ ਲਿਖ ਕੇ ਗੀਤ ਓਸ ਨੇ ਲੋਕਾਂ ਦੀ ਹਿੱਕ ਠਾਰੀ,
ਸ਼ਿਵ ਨੇ ਬਿਰਹਾ ਨੂੰ ਜਦ ਅਪਣਾਂ ਸੀ ਸੁਲਤਾਨ ਬਨਾਇਆ,
ਲੋਕ ਮਨਾਂ ਤੇ ਏਸੇ ਕਰਕੇ ਵਾਂਗ ਘਟਾ ਦੇ ਛਾਇਆ ।

ਤਰਨ ਸਿੰਘ ਸੰਤੋਖ ਸਿੰਘ ਨੇ ਗੁਰ ਜੱਸ ਲਿਖ ਲਿਖ ਧਰਿਆ,
ਤਾਂ ਹੀ ਅਜ ਸਰਕਾਰਾਂ ਨੇ ਵੀ ਮਾਨ ਵਧੇਰਾ ਕਰਿਆ,
ਤੂੰ ਵੀ ਕੁਝ "ਅਮਰੀਕ" ਅਜੇਹਾ ਲਿਖ ਦੁਨੀਆ ਵਿੱਚ ਧਰ ਜਾ,
ਨਾਮ ਜਹਾਨ ਤੇ ਰਹਿ ਜੈ ਤੇਰਾ ਕੋਈ ਕ੍ਰਿਸ਼ਮਾ ਕਰ ਜਾ ।



Sri Satguru Jagjit Singh Ji eLibrary NamdhariElibrary@gmail.com

# ਮੇਰੇ ਗੀਤ

ਉੱਡਣ ਲਈ ਆਕਾਸ਼ ਵਿੱਚ ਮੇਰੇ ਗੀਤ ਖੰਭਾਂ ਵਾਂਗ ਨੇ,
ਅਰਸ਼ੀਂ ਉਡਾਰੀ ਲਾਣ ਲਈ, ਰੱਖਦੇ ਇਹ ਤੀਬਰ ਤਾਂਘ ਨੇ ।

ਇੱਕ ਪੰਛੀ ਝਾਤ ਜੱਗ ਤੇ ਪਾਂਦੇ ਨੇ ਮੈਨੂੰ ਨਾਲ ਲੈ,
ਦੁਖ ਦਰਦ ਸਭ ਦੇ ਹਰਨ ਲਈ ਪੁੱਟਦੇ ਅਗ੍ਹਾਂ ਪੁਲਾਂਘ ਨੇ ।

ਅਬਲਾ ਕਿਸੇ ਦੇ ਚੈਨ ਨੂੰ, ਜ਼ਾਲਮ ਕੋਈ ਜੇ ਖੋਹ ਲਵੇ,
ਮੇਰੇ ਗੀਤ ਆਪਣਾਂ ਖ਼ੂੰਨ ਪਾ ਉਹਦੀ ਭਰਨਾਂ ਚਾਹੁੰਦੇ ਮਾਂਗ ਨੇ ।

ਇਨਸਾਨੀਅਤ ਦੇ ਬਾਗ਼ ਵਿੱਚ ਫੁੱਲਾਂ ਤੋਂ ਵਧਕੇ ਖ਼ਾਰ ਨੇ,
ਮੇਰੇ ਗੀਤ ਬਨ ਕੇ ਬਾਗ਼ਬਾਂ, ਕੰਡਿਆਂ ਨੂੰ ਦੇਂਦੇ ਛਾਂਗ ਨੇ ।

ਭੁੱਲਦੇ ਨੇ ਵਹਿਦਤ ਨੂੰ ਜਦੋਂ, ਧਰਤੀ ਦੇ ਜਾਏ ਜਾਣ ਕੇ,
ਮੇਰੇ ਗੀਤ ਚੜ੍ਹ ਮੀਨਾਰ ਤੇ, ਵਹਿਦਤ ਦੀ ਦੇਂਦੇ ਬਾਂਗ ਨੇ ।

ਜਨਮੇ ਨੇ ਮੇਰੀ ਸੋਚ ਦੀ ਕੁੱਖੋਂ ਨਿਰਾਲੇ ਗੀਤ ਇਹ,
"ਅਮਰੀਕ" ਨੂੰ ਰੀਝਾਨ ਲਈ, ਰਚਦੇ ਨਵਾਂ ਨਿੱਤ ਸਾਂਗ ਨੇ ।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਆਵਾਜ਼ ਦਿਓ

ਮੇਰੇ ਗੀਤਾਂ ਨੂੰ ਆਵਾਜ਼ ਦਿਓ, ਹੱਥਾਂ ਵਿੱਚ ਕੋਈ ਸਾਜ਼ ਦਿਓ,
ਦੁਨੀਆ ਨੂੰ ਰਸ ਰਸ ਕਰ ਦੇਵਾਂ, ਅੱਜ ਐਸਾ ਨਵ ਅੰਦਾਜ਼ ਦਿਓ ।

ਬ੍ਰਹਿਮੰਡ ਬੜਾ ਹੀ ਚੌੜਾ ਏ, ਲੋਕਾਂ ਦਾ ਦਿਲ ਕਿਓਂ ਸੌੜਾ ਏ,
ਕਿਓਂ ਬੋਲਦੀ ਦੁਨੀਆਂ ਕੌੜਾ ਏ, ਜਾਨਣ ਇਹ ਮੈਨੂੰ ਰਾਜ਼ ਦਿਓ ।

ਕੀਹ ਹੋਇਆ ਏ ਕੀਹ ਹੋਣਾਂ ਏ, ਕੋਈ ਹੱਸਦਾ ਏ ਕਿਸ ਰੋਣਾ ਏ,
ਕਿਸ ਆਪਣਾ ਕਰਮ ਲਕੋਣਾ ਏ, ਵੇਖਣ ਲਈ ਉੱਚ ਪਰਵਾਜ਼ ਦਿਓ ।

ਜੋ ਲੋਕਾਂ ਲਈ ਕੁਝ ਕਰਦੇ ਨੇ, ਪਲ ਪਲ ਜੋ ਦੁੱਖੜੇ ਜਰਦੇ ਨੇ,
ਦੁਖੀਆਂ ਦੇ ਦੁੱਖੜੇ ਹਰਦੇ ਨੇ, ਅੱਜ ਕਰਨ ਉਹਨਾਂ ਤੇ ਨਾਜ਼ ਦਿਓ ।

ਮਨ ਕਪਟ ਭਰੇ ਕਰ ਪਾਕ ਸਕਾਂ, ਕੁਝ ਉਹਨਾਂ ਨੂੰ ਵੀ ਆਖ ਸਕਾਂ,
ਗਲ ਆਪਣੀ ਕਰ ਬੇਬਾਕ ਸਕਾਂ, ਨਵ ਰੀਤ ਦਾ ਕਰ ਆਗ਼ਾਜ਼ ਦਿਓ ।

ਜਿਸ ਥਾਂ ਜਾਵਾਂ ਥਾਂ ਮਹਿਕ ਪਵੇ, ਹਰ ਇਕ ਦਾ ਚਿਹਰਾ ਟਹਿਕ ਪਵੇ,
ਮਿਲਨੇ ਨੂੰ ਹਰ ਇੱਕ ਮਹਿਕ ਪਵੇ, "ਅਮਰੀਕ" ਨਾਂ ਹੋਣ ਨਾਰਾਜ਼ ਦਿਓ ।

* * * * *



Sri Satguru Jagjit Singh Ji eLibrary NamdhariElibrary@gmail.com

# ਨੇਕੀ ਦਾ ਕੰਮ ਕਰੀਏ

ਨੇਕੀ ਦਾ ਕੰਮ ਕਰੀਏ ਕੋਈ, ਸੁਆਸ ਤਾਂ ਮੁੱਕਦੇ ਜਾਂਦੇ,
ਸਮੇਂ ਦੀ ਜਿਹੜੇ ਕਦਰ ਨ ਕਰਦੇ, ਉਹ ਆਖਰ ਪਛਤਾਂਦੇ ।

ਰੋਂਦੇ ਕਿਸੇ ਦੇ ਪੂੰਝ ਕੇ ਹੰਝੂ, ਵੰਡੋ ਫੁੱਲ ਮੁਸਕਾਨਾਂ ਦੇ,
ਗਲਵੱਕੜੀ ਵਿੱਚ ਲੈ ਕੇ ਖੋਲੋ, ਤਾਲੇ ਬੰਦ ਦੁਕਾਨਾਂ ਦੇ,
ਰੱਬ ਦੇ ਬੰਦਿਆਂ ਨੂੰ ਕਰ ਰਾਜ਼ੀ ਗ੍ਰੰਥ ਇਹੀ ਫ਼ਰਮਾਂਦੇ ।

ਕਰਨ ਲੱਗਿਆਂ ਲੋੜ-ਵੰਦਾਂ ਦੀਆਂ ਲੋੜਾਂ ਨਾਂ ਸ਼ਰਮਾਈਏ,
ਮਾਲ ਬਿਗਾਨੇ ਉੱਤੇ ਆਪਣੀ ਨਜ਼ਰ ਨਾਂ ਕਦੇ ਟਿਕਾਈਏ,
ਅੰਤ ਮਾਲ ਉਗਲੱਛਣਾ ਪੈਂਦਾ, ਜੋ ਹੱਕ ਕਿਸੇ ਦਾ ਖਾਂਦੇ ।

ਸਿਮਰਨ ਕਰੋ ਨਾਂ ਕਰੋ ਪਿਆਰੇ ਹਥੀਂ ਕਰੋ ਕਮਾਈ,
ਨਫ਼ਰਤ ਦੀਆਂ ਦੀਵਾਰਾਂ ਢਾ ਕੇ ਅੰਦਰੋਂ ਕਰੋ ਸਫ਼ਾਈ,
ਸਭ ਨੂੰ ਆਪਣਾ ਜਾਣਨ ਵਾਲੇ ਨੇਕ ਇਨਸਾਨ ਕਹਾਂਦੇ ।

ਕਿਸੇ ਦਾ ਦਰਦ ਵੰਡਾਣਾ ਚਾਹੋ ਆਪਣੀ ਪੀੜ ਭੁਲਾਓ,
ਮਿੱਠਾ ਕਰਨਾਂ ਚਾਹੋ ਚੁਫੇਰਾ, ਮਿਸ਼ਰੀ ਜਿਓਂ ਘੁੱਲ ਜਾਓ,
ਜਿੰਨ੍ਹਾਂ ਦੇ ਅੰਦਰ ਦਰਦ ਹੁੰਦਾ ਏ, ਓਹੀ ਦਰਦ ਵੰਡਾਂਦੇ ।

ਚੰਗਾ ਆਪਣੇ ਨਾਲੋਂ ਸਮਝੋ, ਸਭ ਨੂੰ ਹੈ ਗੱਲ ਚੰਗੀ,
ਦੁਨੀਆਂ ਦੀ ਪਰਵਾਹ ਨਾਂ ਕਰਿਓ, ਦੁਨੀਆਂ ਹੈ ਬਹੁ-ਰੰਗੀ,
ਸੱਚਿਆਂ ਨੂੰ ਝੂਠਾ ਕਰ ਦੇਂਦੇ, ਝੂਠੇ ਮੌਜ ਉਡਾਂਦੇ ।

* * * * *



Sri Satguru Jagjit Singh Ji eLibrary NamdhariElibrary@gmail.com

# ਜੀਣਾ ਸਫ਼ਲ

ਜੀਣਾ ਸਫਲ ਜਹਾਨ ਤੇ ਓਸਦਾ ਏ,
ਮੋਇਆਂ ਬਾਦ ਵੀ ਜਿੰਨੂ ਕੋਈ ਯਾਦ ਕਰਦੈ,
ਬਣੀਏ ਫੁੱਲ ਗੁਲਾਬ ਦਾ ਅਸੀਂ ਐਸਾ,
ਖੁਸ਼ਬੂ ਨਾਲ ਜੋ ਦੂਜੇ ਨੂੰ ਸ਼ਾਦ ਕਰਦੈ,
ਜੀਵਨ ਐਸਾ ਕਿ ਜਿਸ ਦੀ ਮਿਸਾਲ ਦੇ ਕੇ,
ਉਜੜੀ ਦੁਨੀਆਂ ਨੂੰ ਵੀ ਆਬਾਦ ਕਰਦੈ,
ਜਿਹੜਾ ਆਉਂਦੈ ਤੇ ਆਣ ਕੇ ਚਲਾ ਜਾਂਦੈ,
ਮੈਂ ਤਾਂ ਸਮਝਣਾ ਜਨਮ ਬਰਬਾਦ ਕਰਦੈ ।।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਬਾਰਾਂ ਮਾਹ - ਅੱਜ ਦੀ ਕਿਸਾਨੀ

## ਚੇਤਰ

ਚੇਤਰ ਚਿਤਵਨੀ ਚਿੱਤ ਵਿੱਚ ਰਹੇ ਲੱਗੀ ਕਦੋਂ ਦੁੱਖ ਸਾਡੇ ਮਗਰੋਂ ਲਹਿਣਗੇ ਜੀ ।
ਕਨਕ ਪੱਕੀ ਵੱਢ ਗਾਹ ਗੋਦਾਮ ਭਰਨੇ ਖਾਲੀ ਢਿੱਡ ਐਪਰ ਸਾਡੇ ਰਹਿਣਗੇ ਜੀ ।
ਬੈਂਕਾਂ ਵਾਲੇ ਤੇ ਆੜ੍ਹਤੀ ਭੂਤ ਬਣ ਕੇ, ਸਾਡੇ ਬੂਹਿਆਂ ਅੱਗੇ ਆ ਕੇ ਬਹਿਣਗੇ ਜੀ ।
ਰਕਮ ਬਣਨੀ ਨਾਂ ਜ਼ਾਲਮ ਖ਼ਫ਼ਾ ਹੋ ਕੇ, ਗੱਲ ਸਾਨੂੰ ਅਵੱਲੜੀ ਕਹਿਣਗੇ ਜੀ ।
ਆਵੇ ਸਮਝ ਨਾਂ "ਫ਼ੀਲ ਗੁ਼ਡ ਫ਼ੈਕਟਰਾਂ" ਦੀ, ਹੌਕੇ ਬਣ ਬਰਛੇ ਸੀਨੇ ਡਹਿਣਗੇ ਜੀ ।
ਸਾਡੇ ਵੇਖ ਕੇ ਦੁੱਖੜੇ ਰੱਬ ਦੇ ਵੀ, ਹੰਝੂ ਤ੍ਰਿਪ ਤ੍ਰਿਪ ਅੱਖਾਂ ਚੋਂ ਵਹਿਣਗੇ ਜੀ ।

## ਵਿਸਾਖ

ਵੇਖੋ ਵਿੱਚ ਵੈਸਾਖ ਕੀ ਹਾਲ ਹੋਇਆ, ਕਨਕ ਗਈ ਮੰਡੀ ਤੂੜੀ ਰਹਿ ਗਈ ਏ ।
ਜਦੋਂ ਹੋਇਆ ਹਿਸਾਬ ਤਾਂ ਰਕਮ ਟੁੱਟੀ, ਗੱਡੀ ਅਕਲ ਵਾਲੀ ਲੀਹੋਂ ਲਹਿ ਗਈ ।
ਕੀਕਰ ਤਰਨ ਕਿਸਤਾਂ ਸੌਦਾ ਕਿਵੇਂ ਆਵੇ, ਸੋਚ ਪਕੜ ਮੱਥਾ ਭੁੰਜੇ ਬਹਿ ਗਈ ਏ ।
ਹਿੰਮਤ ਕੀਤੀ ਤੇ ਸੋਚਿਆ ਅਗੋਂ ਨੂੰ ਸਹੀ, ਏਦਾ ਸੱਟ ਕਿਸਾਨੀ ਇਹ ਸਹਿ ਗਈ ਏ ।
ਅਗਲੇ ਸਾਲ ਏਦੂੰ ਬੁਰਾ ਹਾਲ ਹੋਣਾ, ਲਿਸਟ ਖਰਚਾਂ ਦੀ ਕੰਨ ਵਿੱਚ ਕਹਿ ਗਈ ਏ ।
ਦੱਬੇ ਹੋਇਆਂ ਤੇ ਹੋਰ ਦਬਾ ਪੈਣਾ, ਨਦੀ ਹੰਝੂਆਂ ਦੀ ਅਖੋਂ ਵਹਿ ਗਈ ਏ ।

## ਜੇਠ

ਚੜ੍ਹਿਆ ਜੇਠ ਜਵਾਨ ਹੋ ਗਈ ਗਰਮੀ, ਨਿੰਮੋ ਝੂਣਾ ਕਿਸਾਨ ਫਿਰ ਉਠਿਆ ਏ ।
ਸੁੱਕੇ ਖੇਤ ਟਰੈਕਟਰ ਦੇ ਨਾਲ ਵਾਹੇ, ਝਾੜ ਬੂਟ ਸਾਰਾ ਜੜੋਂ ਪੁੱਟਿਆ ਏ ।
ਵੱਟਾਂ ਛਾਂਗ ਕੇ ਖਾਲਿਆ ਖਾਲਿਆਂ ਨੂੰ ਸਾਰੇ ਵਾਹਣ ਨੂੰ ਪੀਸਾ ਕਰ ਸੁੱਟਿਆ ਏ ।
ਕਰਜ਼ਾ ਲਾਹਣ ਲਈ ਨਵਾਂ ਉਤਸ਼ਾਹ ਲੈਕੇ, ਕਮਰ ਕੱਸ ਕੇ ਵਾਹੀ ਨੂੰ ਜੁੱਟਿਆ ਏ ।
ਝੋਨੇ ਲਈ ਪਨੀਰੀਆਂ ਉੱਗ ਆਈਆਂ, ਕੰਮ ਕਰੇ ਪਰ ਅੰਦਰੋਂ ਟੁੱਟਿਆ ਏ ।
ਨਰਮੇ ਅਤੇ ਕਪਾਹੋਂ ਨਦੀਨ ਕੱਢਿਆ ਐਪਰ ਦਿਲੋਂ ਰਹਿੰਦਾ ਘੁਟਿਆ ਘੁਟਿਆ ਏ।।



Sri Satguru Jagjit Singh Ji eLibrary NamdhariElibrary@gmail.com

## ਹਾੜ

ਹਾੜ ਹੋਇਆ ਹੈਰਾਨ ਕਿਸਾਨ ਨੂੰ ਤੱਕ, ਇਹਦੀ ਘਾਲ ਕਿੰਨੀ ਉਹਦਾ ਮੁੱਲ ਕੀ ਏ।
ਨਵੇਂ ਢੰਗਾਂ ਦੇ ਨਾਲ ਉਹ ਕਰੇ ਖੇਤੀ, ਕਰੜੀ ਮਿਹਨਤ ਦੇ ਦੱਸੋ ਫਿਰ ਤੁੱਲ ਕੀ ਏ।
ਪੈਂਦੀ ਗਰਮੀ ਤੇ ਚਲਦੀਆਂ ਗਰਮ ਲੋਆਂ, ਝੱਲਦਾ ਸਿਰਾਂ ਤੇ ਪਰ ਖਿੜਦਾ ਗੁੱਲ ਕੀ ਏ।
ਇਹ ਨੂੰ ਲੁੱਟਣ ਲਈ ਚਾਰ ਚੁਫੇਰ ਵੇਖੋ ਬੰਨਿਆ ਲੋਟੂਆਂ ਥਾਂ ਥਾਂ ਪੜੱਲ ਕੀ ਏ।
ਛੇਕੜ ਜੇਠ ਅਗੇਤਰਾ ਲਾ ਝੋਨਾ, ਦੱਸੋ ਏਸ ਵਿੱਚ ਹੋ ਗਈ ਭੁੱਲ ਕੀ ਏ।
ਗਰਮੀ ਅੱਤ ਦੀ ਬਾਰਸ਼ਾਂ ਲੇਟ ਹੋਈਆਂ, ਪੂਰਾ ਸੱਚ ਹੈ ਏਸ ਵਿੱਚ ਠੁੱਲ੍ਹ ਕੀ ਏ॥

## ਸੌਣ

ਸੌਣ ਸੁੱਕਾ ਹੀ ਲੰਘਦਾ ਜਾ ਰਿਹਾ ਏ, ਬਾਰਸ਼ ਆਵੇ ਨ ਆਵੇ ਇਹ ਪਤਾ ਹੀ ਨਹੀਂ।
ਖਾਦ ਪਾਈ ਸਪਰੇਆਂ ਵੀ ਕੀਤੀਆਂ ਨੇ, ਖੇਤੀ ਕੌਣ ਬਚਾ ਵੇ ਇਹ ਪਤਾ ਹੀ ਨਹੀਂ।
ਵਰਖਾ ਹੋਈ ਤਾਂ ਰੋੜ ਲੈ ਜਾਊ ਸਭ ਕੁਛ, ਖੇਤ ਸਣੇ ਕੋਸੀਂ ਨਾਵੇ ਇਹ ਪਤਾ ਹੀ ਨਹੀਂ।
ਸੋਕੇ ਡੋਬੇ ਦੇ ਗੇੜ ਚੋਂ ਕੌਣ ਕੱਢੇ, ਬੇੜੀ ਕੌਣ ਤਰਾਵੇ ਇਹ ਪਤਾ ਹੀ ਨਹੀਂ।
ਔੜ ਸੌੜ ਨੇ ਕੀਤਾ ਹੈਰਾਨ ਬਹੁਤਾ, ਕਿਹੜਾ ਸੁਖੀ ਵਸਾਵੇ ਇਹ ਪਤਾ ਹੀ ਨਹੀਂ।
ਫਸਲ ਹੋਵੇ ਨਾਂ ਹੋਵੇ ਹੈ ਸ਼ਹੁ ਬੇੜਾ, ਮੁੱਕਣ ਕਦੋਂ ਕੁ ਹਾਵੇ ਇਹ ਪਤਾ ਹੀ ਨਹੀਂ॥

## ਭਾਦੋਂ

ਭੈੜੀ ਭਾਦਰੋਂ ਦੀ ਐਸੀ ਰੁੱਤ ਆਈ, ਮੱਛਰ ਮੱਖੀਆਂ ਬੜਾ ਹੀ ਤੰਗ ਕੀਤਾ।
ਦਿਨੇ ਮੱਖੀਆਂ ਰਾਤ ਨੂੰ ਲੜੇ ਮੱਛਰ, ਮਰਦੇ ਨਹੀਂ ਇਹ ਬੜਾ ਹੀ ਜੰਗ ਕੀਤਾ।
ਓਧਰ ਫ਼ਸਲਾਂ ਤੇ ਮੁਰਦਨੀ ਛਾਈ ਹੋਈ ਏ, ਵਾਧੂ ਖਰਚਿਆਂ ਨੰਗ ਮਲੰਗ ਕੀਤਾ।
ਨਕਲੀ ਆਈ ਦਵਾਈ ਬਾਜ਼ਾਰ ਅੰਦਰ, ਜਿਸ ਨੇ ਤੇਲੇ ਦਾ ਘੱਟ ਨਾਂ ਡੰਗ ਕੀਤਾ।
ਖਾਤਾ ਆੜ੍ਹਤੀ ਦਾ ਵੱਧਦਾ ਜਾ ਰਿਹਾ ਏ, ਇਸ ਨੇ ਚੈਨ ਕਿਸਾਨ ਦਾ ਭੰਗ ਕੀਤਾ।
ਕਰਜ਼ਾ ਘੱਟਣ ਦੀ ਥਾਂ ਜਾਪੇ ਵਧੇਗਾ ਹੀ, ਵਾਹੀ ਵਾਨਾਂ ਦਾ ਪੀਲਾ ਏ ਰੰਗ ਕੀਤਾ॥



Sri Satguru Jagjit Singh Ji eLibrary NamdhariElibrary@gmail.com

## ਅਸੂ

ਅਸੂ ਅੰਤ ਕਿਸਾਨੀ-ਝਮੇਲਿਆਂ ਦਾ, ਕਦੋਂ ਹੋਵੇਗਾ ਕੋਈ ਵੀ ਜਾਣਦਾ ਨਹੀਂ।
ਸੰਕਟ ਰੱਬ ਵੀ ਤਾਂ ਵਾਹੀਵਾਨ ਵਾਲੇ, ਜਤਨ ਕਰਦਾ ਮੁਸੀਬਤ ਹਟਾਣਦਾ ਨਹੀਂ।
ਫ਼ਸਲ ਸੁੱਕਦੀ ਏ ਕਦੇ ਡੁੱਬਦੀ ਏ, ਚੱਕਰ ਮੁਕਦਾ ਡੋਲਣ ਡੁਲਾਣ ਦਾ ਨਹੀਂ।
ਕਰਜ਼ਾ ਵਧਣ ਦੇ ਚਾਨਸ ਨੇ ਵਧੀ ਜਾਂਦੇ, ਕੀਤਾ ਜਤਨ ਦੱਸ ਕਿਹੜਾ ਘਟਾਣ ਦਾ ਨਹੀਂ।
ਐਸੀ ਹਾਲਤ ਹੀ ਰਹੀ ਕਿਸਾਨ ਦੀ ਜੇ, ਜੀਣਾ ਹੋਣਾ ਸੁਖਾਲ ਕਿਸਾਨ ਦਾ ਨਹੀਂ।
ਸਾਰੀ ਦੁਨੀਆਂ ਨੂੰ ਅੰਨ ਪੁਚਾਣ ਵਾਲਾ, ਜੀਵਨ ਰਿਹਾ ਬਿਤਾ ਅਪਮਾਨ ਦਾ ਨਹੀਂ?

## ਕੱਤਕ

ਕਤਕ ਕਰਮਾਂ ਦੀ ਖੇਡ ਹੈ ਸਾਈਂ ਲੋਕੋ, ਲਿਆ ਫ਼ਸਲ ਨੂੰ ਘੇਰ ਬੀਮਾਰੀਆਂ ਨੇ।
ਸੁੰਡੀ ਪਈ ਅਮਰੀਕਨ ਹੈ ਨਰਮਿਆਂ ਨੂੰ, ਝੁਲਸੇ ਕੀਤੀਆਂ ਖੂਬ ਤਿਆਰੀਆਂ ਨੇ।
ਓਧਰ ਆੜ੍ਹਤੀ ਦਾ ਖਾਤਾ ਵਧੀ ਜਾਂਦਾ, ਵੇਖ ਵੇਖ ਜਿਸ ਨੂੰ ਅਕਲਾਂ ਹਾਰੀਆਂ ਨੇ।
ਇਹਨਾਂ ਤੇਲਾ ਤੇ ਸੁੰਡੀ ਹੈ ਮਾਰਨੀ ਕੀ, ਨਾੜਾਂ ਦਿਲ ਦਿਮਾਗ ਦੀਆਂ ਠਾਰੀਆਂ ਨੇ।
ਕੀੜੇਮਾਰ ਦਵਾਈਆਂ ਦੇ ਬਿਲ ਵੱਡੇ, ਲੈ ਲਈਆਂ ਬਾਜ਼ਾਰੋਂ ਹੁਦਾਰੀਆਂ ਨੇ।
ਕਾਹਦੀ ਫ਼ਸਲ ਪੱਕੇ ਨੇੜੇ ਮੌਤ ਜਾਪੇ, ਡੋਲ ਰਹੀਆਂ ਅੱਜ ਸਭੇ ਸਰਦਾਰੀਆਂ ਨੇ॥

## ਮੱਘਰ

ਮੱਘਰ ਮਾਹ ਮੁਸੀਬਤਾਂ ਹੋਰ ਵਧੀਆਂ, ਫ਼ਸਲ ਪੱਕਣ ਤੇ ਆਈ ਕਿਸਾਨ ਦੀ ਜਾਂ।
ਬੈਂਕਾਂ ਵਾਲੇ ਤੇ ਆੜ੍ਹਤੀ ਜਮ ਬਣਕੇ, ਕੱਢਣ ਜਾਨ ਨੇ ਆਏ ਇਨਸਾਨ ਦੀ ਜਾਂ।
ਫ਼ਸਲ ਥੋੜੀ ਜ਼ਰੂਰਤਾਂ ਬਹੁਤੀਆਂ ਨੇ ਯਾਦ ਆਓਂਦੀ ਏ ਅਗਲੇ ਭੁਗਤਾਨ ਦੀ ਜਾਂ।
ਖਾਤੇ ਆਖਿਆ ਹੋਈ ਏ ਰਕਮ ਦੂਣੀ, ਗੱਲ ਤੁਰੀ ਹਿਸਾਬ ਚੁਕਾਨ ਦੀ ਜਾਂ।
ਚਲੋ! ਅਗੋਂ ਸਹੀ ਆਖ ਕੇ ਉਠ ਤੁਰਿਆ, ਰੁੱਤ ਆ ਗਈ ਹਾੜ੍ਹੀ ਬੀਜਾਣ ਦੀ ਜਾਂ।
ਖਾਦਾਂ ਬੀਜ ਦਾ ਮਸਾਂ ਪਰਬੰਧ ਕੀਤਾ, ਟੇਕ ਹਾੜ੍ਹੀ ਤੇ ਰੱਖੀ ਕੁਝ ਲਾਹਣ ਦੀ ਜਾਂ॥



Sri Satguru Jagjit Singh Ji eLibrary NamdhariElibrary@gmail.com

# ਪੋਹ

ਪੋਹ ਚੜ੍ਹਿਆ ਤੇ ਪਈ ਏ ਖੋਹ ਦਿਲ ਨੂੰ, ਕਰਜ਼ੇ ਕਿਵੇਂ ਰੱਬਾ ਸਿਰੋਂ ਲਹਿਣਗੇ ਵੇ।
ਚਿੰਤਾ ਚਿੱਤ ਨੂੰ ਚਿਖਾ ਬਣ ਸਾੜ ਦੀ ਏ, ਕਦੋਂ ਪਰਬਤ ਇਹ ਦੁਖਾਂ ਦੇ ਢਹਿਣਗੇ ਵੇ।
ਕਦੋਂ ਸਰਖਰੂ ਹੋਣ ਕਿਸਾਨ ਸਾਰੇ, ਬੈਠ ਧੂਏਂ ਤੇ ਕੱਠੇ ਹੋ ਕਹਿਣਗੇ ਵੇ।
ਕਣਕਾਂ ਕਿੰਨੀਆਂ ਕੁ ਦੱਸੋ ਹੋਣਗੀਆਂ, ਲੋਕੀ ਕਰਜ਼ੇ ਦੇ ਭਾਰ ਨੂੰ ਸਹਿਣਗੇ ਵੇ।
ਜਿੰਦ ਐਸੀ ਕੁੜਿੱਕੀ ਚ' ਫਸੀ ਸਭਦੀ, ਕਨਕ ਨਾੜ ਵਾਂਗੂ ਜੱਟ ਗਹਿਣਗੇ ਵੇ।
ਕਿਸੇ ਵਾਤ ਕਿਸਾਨਾਂ ਦੀ ਪੁੱਛਣੀ ਨਹੀਂ, ਸਦਾ ਇਸ ਤਰਾਂ ਹੀ ਰੋਂਦੇ ਰਹਿਣਗੇ ਵੇ॥

# ਮਾਘ

ਮਾਘ ਮਾਹ ਬਸੰਤ ਬਹਾਰ ਆਈ, ਪਤਝੜ ਕਦੋਂ ਕਿਸਾਨ ਦੀ ਮੁੱਕਣੀ ਏ।
ਖਾਤੇ ਵਧੀ ਜਾਣੇ ਅਮਦਨ ਘਟੀ ਜਾਣੀ, ਨਦੀ ਘਾਟੇ ਦੀ ਕਦੀ ਨਾਂ ਸੁੱਕਣੀ ਏ।
ਫ਼ਸਲ ਵੈਸੇ ਤਾਂ ਮਾਰਦੀ ਬਹੁਤ ਚਾਰਾ, ਐਪਰ ਵਿਆਜ ਉਹਲੇ ਸਾਰੀ ਲੁੱਕਣੀ ਏ।
ਸਾਰੇ ਜਗਤ ਨੂੰ ਅੰਨ ਪੁਚਾਣ ਵਾਲਾ, ਇਹਨੂੰ ਲੱਗੀ ਰਹਿਣੀ ਤੰਗੀ ਤੁੱਖਣੀ ਏ।
ਐਸਾ ਘੇਰਿਆ ਔਕੜਾਂ ਜਟ ਤਾਂਈ, ਧੌਣ ਹੋਰ ਹਾਲੇ ਇਹਦੀ ਝੁੱਕਣੀ ਏ।
ਇਹਨਾਂ ਖਾਤਿਆਂ ਦਿਨੋ ਦਿਨ ਵਧੀ ਜਾਣਾ, ਇਹ ਨਾਂ ਤੰਗੀਆਂ ਦੀ ਰੇਲ ਰੁਕਣੀ ਏ॥

# ਫੱਗਣ

ਫੱਗਣ ਫਸਲ ਆਈ ਫਲਾਂ ਸਿੱਟਿਆਂ ਤੇ, ਵੇਖ ਵੇਖ ਕਿਸਾਨ ਗ਼ਮਗੀਨ ਹੋਇਆ।
ਖੇਤ ਮੇਰਾ ਤੇ ਕਨਕ ਬਿਗਾਨੜੀ ਏ, ਸਭ ਕੁਝ ਹੁੰਦਿਆਂ ਔਖਾ ਏ ਜੀਣ ਹੋਇਆ।
ਮਾਲਕ ਓਂਜ ਤਾਂ ਹੈ ਮੁਰਬਿਆਂ ਦਾ, ਸਾਰੇ ਜੱਗ ਦਾ ਐਪਰ ਅਧੀਨ ਹੋਇਆ।
ਰਹਿੰਦਾ ਸੋਚਦਾ ਬਣੇਗਾ ਕੀਹ ਯਾਰੋ, ਦੁਨੀਆ ਰਹੀ ਨਾਂ ਆਪਣਾ ਦੀਨ ਹੋਇਆ।
ਸਾਰੇ ਜੀਵਨ ਦੇ ਚਾ-ਉਤਸ਼ਾਹ ਮੁੱਕੇ, ਘਰ ਵਿੱਚ ਡੂੰਘੀ ਉਦਾਸੀ ਦਾ ਸੀਨ ਹੋਇਆ।
ਕਣਕ ਪੱਕਣੀ ਵੱਢਣੀ ਗਾਹ ਲੈਣੀ, ਕੁਝ ਨਹੀਂ ਬਣਨਾ ਇਹ ਪੱਕਾ ਯਕੀਨ ਹੋਇਆ॥



Sri Satguru Jagjit Singh Ji eLibrary NamdhariElibrary@gmail.com

# ਭਵਿਖ ਬਾਣੀ

ਸਾਲ ਬੀਤਿਆ ਹੋਰ ਵੀ ਬੀਤ ਜਾਣੇ ਸੁਖੀ ਜਾਪਦੈ ਨਹੀ ਕਿਸਾਨ ਹੋਣਾ,
ਏਸੇ ਤਰਾਂ ਹੀ ਗੇੜ ਨੜਿਨਵੇਂ ਦਾ ਮੁੱਕਣਾ ਨਹੀਂ ਦੁਖੀ ਵਾਹੀ ਵਾਣ ਹੋਣਾ,
ਆਖਰ ਵੇਚ ਕੇ ਜੱਦੀ ਜ਼ਮੀਨ ਅਪਣੀ, ਸ਼ਹਿਰਾਂ ਵਲ ਹੈ ਤੁਰਤ ਰਵਾਨ ਹੋਣਾ,
ਜਾਂ ਫਿਰ ਲੱਖਾਂ ਰੁਪਈਆਂ ਦੀ ਦੇ ਵੱਢੀ, ਦੂਜੇ ਦੇਸ਼ਾਂ ਨੂੰ ਉੱਡਣ ਉਡਾਣ ਹੋਣਾ,
ਨਹੀਂ ਤੇ ਬਣਨਾ ਮਜ਼ਦੂਰ ਹੈ ਫੈਕਟਰੀ ਦਾ ਏਦੂੰ ਬਿਨਾਂ ਨ ਉੱਕਾ ਗਜ਼ਰਾਨ ਹੋਣਾ,
ਕਈਆਂ ਬਦਲਣ ਲਈ ਬੋਦਾ ਨਜ਼ਾਮ ਸਾਰਾ ਸ਼ਾਮਲ ਹੋਣਾ ਜੋ ਚੜ੍ਹਿਆ ਤੂਫਾਨ ਹੋਣਾ ॥

* * * * *



Sri Satguru Jagjit Singh Ji eLibrary NamdhariElibrary@gmail.com

# ਪਾਸ ਪੜੋਸੋਂ ਤੁਰ ਗਏ

ਪਾਸ ਪੜੋਸੋਂ ਤੁਰ ਗਏ ਯਾਰ, ਤੂੰ ਵੀ ਹੋ ਅਮਰੀਕ ਤਿਆਰ।

ਨਾਲ ਜਿੰਨਾਂ ਸੀ ਰੱਲ ਮਿਲ ਖੇਡੇ, ਤੁਰ ਗਏ ਨੇ ਹੁਣ ਦੂਰ ਦੁਰੇੜੇ,
ਛੱਡ ਗਏ ਨੇ ਅੱਧ ਵਿਚਕਾਰ, ਤੂੰ ਵੀ ਹੋ "ਅਮਰੀਕ" ਤਿਆਰ ।।

ਬਿਨ ਸੱਜਣਾ ਕੀ ਜੱਗ ਵਿੱਚ ਰਹਿਣਾ, ਕਿਸ ਨੂੰ ਹਾਲ ਦਿਲੇ ਦਾ ਕਹਿਣਾ,
ਜੀਣਾ ਹੋਇਆ ਅੱਤ ਦੁਸ਼ਵਾਰ, ਤੂੰ ਵੀ ਹੋ "ਅਮਰੀਕ" ਤਿਆਰ ।।

ਸੱਜਣਾ ਦੀ ਕੀ ਸਿਫਤ ਸੁਨਾਵਾਂ, ਦੱਸੋ ਕੀ ਦੇਵਾਂ ਉਪਮਾਵਾਂ,
ਰੱਜ ਰੱਜ ਦੇ ਗਏ ਦਿਲੀ ਪਿਆਰ, ਤੂੰ ਵੀ ਹੋ "ਅਮਰੀਕ" ਤਿਆਰ ।।

ਬਿਨ ਸੱਜਣਾ ਰੁੱਸ ਗਈਆਂ ਬਹਾਰਾਂ, ਸੁੰਨਾਂ ਜੀਵਨ ਕਿਵੇਂ ਗੁਜ਼ਾਰਾਂ,
ਹੋ ਗਈ ਜਾਪੇ ਉਮਰ ਖੁਆਰ, ਤੂੰ ਵੀ ਹੋ "ਅਮਰੀਕ" ਤਿਆਰ ।।

ਬਿਨ ਯਾਰਾਂ ਦੇ ਕਿੱਥੇ ਜਾਈਏ, ਕਿੱਥੇ ਬਹਿ ਕੇ ਝੱਟ ਲੰਘਾਈਏ,
ਕਿਵੇਂ ਬਿਤਾਈਏ ਦਿਨ ਇਹ ਚਾਰ, ਤੂੰ ਵੀ ਹੋ "ਅਮਰੀਕ" ਤਿਆਰ ।।

ਯਾਦ ਉਹਨਾਂ ਦੀ ਸਾਂਭ ਕੇ ਧਰੀਏ, ਨਾਲ ਸਬਰ ਦੇ ਬਿਰਹਾ ਜਰੀਏ,
ਮੰਨ ਕੁਦਰਤ ਦੇ ਅੱਗੇ ਹਾਰ, ਤੂੰ ਵੀ ਹੋ "ਅਮਰੀਕ" ਤਿਆਰ ।।

* * * * *



Sri Satguru Jagjit Singh Ji eLibrary NamdhariElibrary@gmail.com

# ਆਪਣਾ ਆਪ ਬਚਾਈਏ

ਨਾਮ ਖੁਮਾਰੀ ਗੁਰ ਨਾਨਕ ਜੀ ਵਰਗੀ ਆਓ ਚੜ੍ਹਾਈਏ,
ਝੂਠੇ ਨਸ਼ਿਆਂ ਤੋਂ ਅੱਜ ਆਪਾਂ ਅਪਣਾ ਆਪ ਬਚਾਈਏ।

ਲਾਓ ਹਿਸਾਬ ਦੇਸ਼ ਵਿੱਚ ਕਿਤਨੇ ਨਸ਼ੇ ਨੇ ਖਾਏ ਜਾਂਦੇ,
ਕਿੰਨੇ ਨੋਟ ਹਵਾ ਵਿੱਚ ਯਾਰੋ ਰੋਜ਼ ਉਡਾਏ ਜਾਂਦੇ,
ਭੁੱਖੇ ਮਰਦਿਆਂ ਦੇ ਮੂੰਹਾਂ ਵਿੱਚ ਅੰਨ ਦਾ ਭੋਗ ਲੁਆਈਏ ।।

ਬੀੜੀ-ਸਿਗਰੇਟ, ਚੁਰਟ, ਤਮਾਕੂ, ਪੋਸਤ, ਭੰਗ ਅਫ਼ੀਮਾਂ,
ਕਰਨ ਬੀਮਾਰੀ ਪੈਦਾ ਸੱਭੇ, ਭਰੀਏ ਜੇਬ ਹਕੀਮਾਂ,
ਜ਼ਹਿਰ ਖਾਧਿਆਂ ਕਿਵੇਂ ਬਚਾਂਗੇ ਜ਼ਰਾ ਅੰਦਾਜ਼ਾ ਲਾਈਏ।।

ਵਿੱਚ ਮਹਿੰਗਾਈ ਵੀ ਦੋ ਸੌ ਦੇ ਆਵਨ ਕਿਤਨੇ ਦਾਣੇ,
ਵੀਹ ਕਿੱਲੋ ਜੇ ਕਨਕ ਲਿਆਈਏ ਰੱਜਨ ਬਾਲ ਸਿਆਣੇ,
ਪਰ ਇੱਕ ਬੋਤਲ ਪੀ ਕੇ ਘਰ ਆ ਘਰ ਦਿਆਂ ਨੂੰ ਧਮਕਾਈਏ।।

ਨਸ਼ਾ ਕਰੇ ਸੋ ਦੇਸ਼ ਨੂੰ ਦੱਸੋ ਦੂਹਰਾ ਘਾਟਾ ਪਾਵੇ,
ਕਰੇ ਫ਼ਜ਼ੂਲੀ ਐਪਰ ਕਦੇ ਵੀ ਕੰਮ ਨੂੰ ਹੱਥ ਨਾ ਲਾਵੇ,
ਇਸ ਘਾਟੇ ਤੋਂ ਬਚ ਭਾਰਤ ਨੂੰ ਸੁਮਰਿਧ ਦੇਸ਼ ਬਨਾਈਏ।



Sri Satguru Jagjit Singh Ji eLibrary NamdhariElibrary@gmail.com

ਇੱਕ ਰੁਪਈਆ ਡਿੱਗ ਪਵੇ ਤਾਂ ਰੇਤ ਫੋਲਦੈ ਬੰਦਾ,
ਲੱਖ ਕਰੋੜਾਂ ਉੱਡਣ ਹਵਾ ਵਿੱਚ ਕਿਵੇਂ, ਚੱਲੇਗਾ ਧੰਦਾ,
ਸਮਝ ਜਾਈਏ ਤਾਂ ਝੋਲੀ ਅੱਡ ਕਿਓਂ ਪਰਦੇਸਾਂ ਨੂੰ ਜਾਈਏ।।

ਰੋਜ਼ ਰੋਜ਼ ਹੀ ਦੇਸ਼ ਮੇਰੇ ਵਿੱਚ ਫੂਕਣ ਲੱਖ ਕਰੋੜਾਂ,
ਇਹ ਬਚ ਜਾਣ ਤਾਂ ਸਾਡੀਆਂ ਸੱਭ ਦੀਆਂ ਹੋਵਨ ਪੂਰੀਆਂ ਲੋੜਾਂ,
ਘਰ ਘਰ ਜਾਕੇ ਅੱਜ ਲੋਕਾਂ ਨੂੰ ਖੋਲ੍ਹ ਕੇ ਗੱਲ ਸਮਝਾਈਏ।।

ਸਾਡੇ ਨੇਤਾਵਾਂ ਨੂੰ ਐਪਰ ਲਿਲ ਕੁਰਸੀ ਦੀ ਲੱਗੀ,
ਲੋਕਾਂ ਦਾ ਕੁਝ ਸੋਚਣ ਨਾਹੀਂ, ਉਲਟ ਹਵਾ ਹੈ ਵੱਗੀ,
ਚੋਣਾਂ ਤੇ ਅਰਬਾਂ ਜੋ ਲੱਗਣ ਇਹ ਲੋਕਾਂ ਤੋਂ ਲਾਈਏ।।

ਗਠ-ਬੰਧਨ ਨਿਤ ਕਰਨ ਆਪੋ ਵਿੱਚ ਠੱਗ ਰਲੇ ਨੇ ਸਾਰੇ,
ਨਸ਼ਿਆਂ ਵਿਚ ਡੁੱਬੇ ਨੇ ਲੋਕੀਂ, ਸਮਝਣ ਕਿਵੇਂ ਵਿਚਾਰੇ,
ਲੈ "ਅਮਰੀਕ" ਨੂੰ ਲੋਕੋ ਆਓ ਸੁੱਤੇ ਲੋਕ ਜਗਾਈਏ।।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਐ ਦੁਨੀਆਂ ਦੇ ਲੋਕੋ ਸੋਚੋ

ਐ ਦੁਨੀਆਂ ਦੇ ਲੋਕੋ ਸੋਚੋ ਕਿਤ ਵੱਲ ਤੁਰੇ ਹਾਂ ਜਾਂਦੇ।
ਜੱਗ ਜਨਣੀ ਨੂੰ ਜਨਮੋਂ ਪਹਿਲਾਂ, ਆਪ ਹਾਂ ਪਏ ਮਰਵਾਂਦੇ ।।

ਜਨਮੋਂ ਪਹਿਲਾਂ ਮਰੇ ਜੋ ਸੀ ਉਸ ਕੌਣ ਬਹਾਦਰ ਜੰਮਣਾ,
ਜਿਸ ਨੇ ਇਸ ਦੁਨੀਆਂ ਦਾ ਸੰਕਟ ਔਖੇ ਕਦੇ ਸੀ ਥੰਮਣਾ,
ਅਸੀਂ ਮਾਰ ਕੇ ਉਸ ਨੂੰ ਵੇਖੋ ਬੱਜਰ ਪਾਪ ਕਮਾਂਦੇ ।।

ਮਾਰ ਅਣ-ਜੰਮੀਆਂ ਨਸਲ ਇਨਸਾਨੀ, ਖਤਮ ਹਾਂ ਕਰਨਾ ਚਾਹੁੰਦੇ,
ਇਤਨਾ ਘੋਰ ਪਾਪ ਕਰਕੇ ਵੀ ਹਾਂ ਇਨਸਾਨ ਕਹਾਉਂਦੇ,
ਪਾਪ ਹੈ ਜੇ ਕਰ ਕਿਉਂ ਨਹੀਂ ਰਲ ਕੇ ਇਸ ਨੂੰ ਬੰਦ ਕਰਵਾਂਦੇ।।

ਧੀਆਂ ਨੂੰ ਹੁਣ ਭਾਰ ਨਾ ਜਾਣੋ ਸੁਣੋ ਇਹ ਗ੍ਰਿਹਸਤੀ ਲੋਕੋ,
ਧਰਤੀ ਦਾ ਨੇ ਧੌਲ ਇਹ ਧੀਆਂ, ਮਾਰਨਾਂ ਛੇਤੀ ਰੋਕੋ,
ਰੁਕ ਜਾਵੇਗਾ ਗੇੜ ਜਗਤ ਦਾ ਕਿਓਂ ਨਹੀਂ ਜੇ ਸ਼ਰਮਾਂਦੇ ।।

ਮੰਦਾ ਕਹੋ ਨਾਂ ਧੀਆਂ ਤਾਈਂ ਗੁਰੂ ਨਾਨਕ ਫਰਮਾਇਆ,
ਰਾਜੇ ਰਾਣੇ ਬਾਦਸ਼ਾਹਾਂ ਨੂੰ ਇਸਤਰੀਆਂ ਹੀ ਜਾਇਆ,
ਜੋ ਇਹਨਾਂ ਦੀ ਕਦਰ ਨਾਂ ਕਰਦੇ ਹਰ ਹਾਲੇ ਪਛਤਾਂਦੇ ।।

ਮਾਤਾ, ਭੈਣ, ਇਸਤਰੀ, ਧੀਆਂ ਗ੍ਰਿਹਸਤ ਮੰਜੇ ਦੇ ਪਾਵੇ,
ਬਿਨਾਂ ਪਾਵਿਆਂ ਮੰਜਾ ਕਾਹਦੈ, ਸਮਝ ਨਾਂ ਜੱਗ ਨੂੰ ਆਵੇ,
ਉਲਟੀ ਰੀਤ ਅਸੀਂ ਦੁਨੀਆਂ ਵਿੱਚ ਕਿਉਂ ਹਾਂ ਪਏ ਚਲਾਂਦੇ ।।

ਮਾਤਾ ਦਵੇ ਅਸੀਸ ਭੈਣ ਪਈ ਰੋਜ਼ ਸਦਕੜੇ ਜਾਂਦੀ,
ਪਤਨੀ ਪੱਤ ਰਖਦੀ ਤੇ ਧੀ ਹੈ, ਖ਼ੈਰ ਪੇਕਿਆਂ ਚਾਹੁੰਦੀ,
ਸਭ ਅਹਿਸਾਨ ਭੁਲਾ ਕੇ ਤਾਂ ਅਸੀਂ ਨਾ ਸ਼ੁਕਰੇ ਅਖਵਾਂਦੇ ।।



Sri Satguru Jagjit Singh Ji eLibrary NamdhariElibrary@gmail.com

# ਸੁਭਾਗਾ ਦਿਨ

ਮਾਘ ਸੁਦੀ ਪੰਚਮੀ ਸੁਭਾਗਾ ਦਿਨ ਆ ਗਿਆ ।
ਗੁਰੂ ਰਾਮ ਸਿੰਘ ਆ ਕੇ ਜੱਗ ਰੁਸ਼ਨਾ ਗਿਆ ॥

ਜੀਵਨ ਦੀ ਜਾਚ ਭੁੱਲ ਗਏ ਇਨਸਾਨ ਸੀ,
ਉਠਿੱਆ ਚੁਫੇਰੇ ਇੱਕ ਦੁੱਖਾਂ ਦਾ ਤੂਫਾਨ ਸੀ,
ਗ਼ੈਰ ਸਾਡੇ ਸੁਖਾਂ ਅਤੇ ਅਣਖਾਂ ਨੂੰ ਖਾ ਗਿਆ ॥

ਗਊ ਹਤਿਆਰੀਆਂ ਨੂੰ ਖੁਲਾਂ ਗ਼ੈਰਾਂ ਦਿੱਤੀਆਂ,
ਬੰਦ ਹੋਈਆਂ ਲੋਕਾਂ ਦੀ ਅਕਲ ਦੀਆਂ ਭਿੱਤੀਆਂ,
ਦੇਸ਼ ਤੇ ਗ਼ੁਲਾਮੀ ਦਾ ਹਨੇਰਾ ਗੂੜਾ ਛਾ ਗਿਆ ॥

ਲਾਲਚ ਦੇ ਵੱਸ ਹੋਕੇ ਅਣਖਾਂ ਨੂੰ ਵੇਚਿਆ,
ਗ਼ਰਜ਼ਾਂ ਦੇ ਨਾਲ ਮਾਨ ਇੱਜ਼ਤ ਨੂੰ ਨੋਚਿਆ,
ਸ਼ੇਰਾਂ ਤਾਈਂ ਗਿੱਦੜਾਂ ਦਾ ਜੀਣਾਂ ਜਿਵੇਂ ਭਾ ਗਿਆ ॥

ਐਸੇ ਸਮੇਂ ਭੈਣੀ ਸਾਹਿਬੋਂ ਉਠੀ ਇੱਕ ਗੂੰਜ ਸੀ,
ਹੀਣਤਾ ਦੀ ਬਿਰਤੀ ਨੂੰ ਦਿਤਾ ਜਿਸ ਹੂੰਝ ਸੀ,
ਚਾਨਣਾਂ ਦੀ ਬਾਰਸ਼ ਅਕਾਸ਼ੋਂ ਬਰਸਾ ਗਿਆ ॥

ਕੀਤਾ ਸਰਜੀਤ ਫੇਰ ਮਰੀ ਹੋਈ ਕੌਮ ਨੂੰ,
ਬੀਰਤਾ ਦਾ ਨਿੱਘ ਦਿੱਤਾ ਠਰੀ ਹੋਈ ਕੌਮ ਨੂੰ,
ਲੋਕਾਂ ਦਿਆਂ ਚਿਹਰਿਆਂ ਤੋਂ ਹੀਣ ਭਾਵ ਲਾਹ ਗਿਆ ॥

ਪੀਤੀ ਜਦੋਂ ਪਹੁਲ ਉਠ ਗ਼ੈਰਾਂ ਨੂੰ ਵੰਗਾਰਿਆ,
ਥਾਂ ਥਾਂ ਜਾ ਕੇ ਗਊ ਹਤਿਆਰਿਆਂ ਨੂੰ ਮਾਰਿਆ,
ਕੀਤਾ ਇਕਬਾਲ ਫਾਂਸੀ ਘੁਟ ਜੱਫੀ ਪਾ ਗਿਆ ॥



Sri Satguru Jagjit Singh Ji eLibrary NamdhariElibrary@gmail.com

ਕਿਸੇ ਜਾ ਕੇ ਤੋਪਾਂ ਨਾਲ ਘੁੱਟ ਜੱਫੀ ਪਾ ਲਈ,
ਕੱਦ ਕੀਤਾ ਪੂਰਾ ਢੇਰੀ ਢੇਮਾਂ ਦੀ ਬਣਾ ਲਈ,
ਤੋਪਾਂ ਦਿਆਂ ਗੋਲਿਆਂ ਦਾ ਹਾਰ ਗਲ ਪਾ ਗਿਆ ॥

ਦਾੜ੍ਹੀ ਫੜ ਕਾਵਨ ਦੀ ਬਿਸ਼ਨ ਸਿੰਘ ਬੋਲਿਆ,
ਸਾਡੇ ਦੇਸੋਂ ਭੱਜ ਜਾ ਓਏ ਠੱਗਾਂ ਦਿਆ ਟੋਲਿਆ,
ਜ਼ਾਲਮਾਂ ਨੂੰ ਜਾਂਦੀ ਵਾਰ ਗੱਲ ਇਹ ਸੁਨਾ ਗਿਆ ॥

ਛੱਡ ਦਿੱਤਾ ਦੇਸ਼ ਪਰਦੇਸ਼ ਡੇਰਾ ਲਾ ਲਿਆ,
ਆਵਾਂਗਾ ਮੈਂ ਬਿੱਲੇ ਜਦੋਂ ਡੇਰਾ ਏਥੋਂ ਚਾ ਲਿਆ,
ਜਾਣ ਲਗਾ ਸਾਰਿਆਂ ਨੂੰ ਗੱਲ ਸਮਝਾ ਲਿਆ ॥

ਗਿਆ ਅੰਗਰੇਜ਼ ਪਰ ਆਪ ਅਜੇ ਆਏ ਨਹੀਂ,
ਕਿਹੜੀ ਗੱਲੇ ਫੇਰੇ ਮੁੜ ਵਤਨਾਂ ਨੂੰ ਪਾਏ ਨਹੀਂ,
ਉਹਨਾਂ ਬਿਨ ਮਨ ਹੈ ਉਡੀਕੋਂ ਉਕਤਾ ਗਿਆ ॥

* * * * *



Sri Satguru Jagjit Singh Ji eLibrary NamdhariElibrary@gmail.com

# ਪੰਦਰਾਂ ਅਗਸਤ (ਹਿੰਦੀ ਰੰਗ)

ਪੰਦਰਾਂ ਅਗਸਤ ਦਿਨ ਬੜਾ ਹੀ ਮਹਾਨ ਹੈ ।
ਹੋ ਗਏ ਆਜ਼ਾਦ ਹਮ, ਊਂਚੀ ਹੁਈ ਸ਼ਾਨ ਹੈ ।।

ਹੂਆ ਥਾਂ ਅੰਧੇਰਾ ਦੂਰ ਦੇਸ਼ ਸੇ ਗੁਲਾਮੀ ਕਾ,
ਧੁਲ ਗਇਆ ਮਾਥੇ ਸੇ ਜੋ ਦਾਗ਼ ਥਾ ਗੁਲਾਮੀ ਕਾ ।
ਸ਼ਹੀਦੋਂ ਕੀ ਸ਼ਹਾਦਤ ਨੇ ਦੀਆ ਵਰਦਾਨ ਹੈ,
ਪੰਦਰਾਂ ਅਗਸਤ ਦਿਨ ਬੜਾ ਹੀ ਮਹਾਨ ਹੈ।।

ਗ਼ੈਰ ਹਮੇਂ ਰੱਖਣਾ ਗੁਲਾਮ ਸਦਾ ਚਾਹਤਾ ਥਾ,
ਸਾਰਾ ਸਰਮਾਇਆ ਵੋ ਵਿਦੇਸ਼ ਹੀ ਲੇ ਜਾਤਾ ਥਾ,
ਛੋੜਾ ਨਾਂ ਹਮਾਰੀ ਆਨ ਬਾਨ ਕਾ ਨਿਸ਼ਾਨ ਹੈ,
ਪੰਦਰਾਂ ਅਗਸਤ ਦਿਨ ਬੜਾ ਹੀ ਮਹਾਨ ਹੈ।।

ਐਸੀ ਬੁਰੀ ਹਾਲਤ ਜੋ ਦੇਖੀ ਕੁਝ ਲੋਗੋਂ ਨੇ,
ਜਾਨ ਥੀ ਹਥੇਲੀ ਪਰ ਰੱਖੀ ਕੁਛ ਲੋਗੋਂ ਨੇ,
ਦੇਸ਼ ਕੋ ਬਚਾਣਾਂ ਹੈ ਤੋ ਹੋਣਾ ਕੁਰਬਾਨ ਹੈ,
ਪੰਦਰਾਂ ਅਗਸਤ ਦਿਨ ਬੜਾ ਹੀ ਮਹਾਨ ਹੈ।।

ਸ਼ਮਾ ਏ ਵਤਨ ਪਰ ਜਲੇ ਪਰਵਾਨੇ ਥੇ,
ਮੌਤ ਕੋ ਬਿਆਹਨੇ ਚਲੇ ਵੋ ਦੀਵਾਨੇ ਥੇ,
ਫਾਂਸੀਓਂ ਪੇ ਚੜ੍ਹੇ ਹੂਆ ਜਗਤ ਹੈਰਾਨ ਹੈ,
ਪੰਦਰਾਂ ਅਗਸਤ ਦਿਨ ਬੜਾ ਹੀ ਮਹਾਨ ਹੈ।।



Sri Satguru Jagjit Singh Ji eLibrary NamdhariElibrary@gmail.com

ਛਾਤੀਓਂ ਮੇਂ ਗੋਲੀਆਂ ਬੰਦੂਕੋਂ ਕੀ ਭੀ ਖਾਈ ਥੀ,
ਦਿੱਕਤ ਹੈ ਕੈਸੀ ਜੋ ਨਾਂ ਉਨ੍ਹੋਂ ਨੇ ਉਠਾਈ ਥੀ,
ਵਤਨ ਕੀ ਰਾਹ ਪੇ ਝੇਲਾ ਸਭੀ ਨੁਕਸਾਨ ਹੈ,
ਪੰਦਰਾਂ ਅਗਸਤ ਦਿਨ ਬੜਾ ਹੀ ਮਹਾਨ ਹੈ।।

ਮਿਲੀ ਹੈ ਆਜ਼ਾਦੀ ਹਮ ਭੂਲ ਗਏ ਉਨ ਕੋ,
ਉਨ ਕੀ ਲਗਨ ਔਰ ਬਹੁਤ ਪੱਕੀ ਧੁਨ ਕੋ,
ਅੱਛਾ ਨਹੀਂ ਹੂਆ ਸਹੀ ਮੇਰਾ ਅਨੁਮਾਨ ਹੈ,
ਪੰਦਰਾਂ ਅਗਸਤ ਦਿਨ ਬੜਾ ਹੀ ਮਹਾਨ ਹੈ।।

ਕਹੀ "ਅਮਰੀਕ" ਨੇ ਜੋ ਬਾਤ ਪੂਰੀ ਸੱਚੀ ਹੈ,
ਭੂੱਲਣਾ ਸ਼ਹੀਦੋਂ ਕੋ ਨਾਂ ਬਾਤ ਕੋਈ ਅੱਛੀ ਹੈ,
ਉਤਰ ਨਾਂ ਪਾਏਗਾ ਜੋ ਕੀਯਾ ਯੇ ਅਹਿਸਾਨ ਹੈ,
ਪੰਦਰਾਂ ਅਗਸਤ ਦਿਨ ਬੜਾ ਹੀ ਮਹਾਨ ਹੈ।।

* * * * *



Sri Satguru Jagjit Singh Ji eLibrary NamdhariElibrary@gmail.com

# ਗੁਰੂਦੁਆਰਾ ਇੱਕ ਹੈ

ਗੁਰੂ ਦੁਆਰਾ ਇੱਕ ਹੈ ਦੂਹਰੀ ਹੈ ਅਰਦਾਸ,
ਪੰਥ ਇੱਕ ਦੋ ਧੜੇ ਨੇ ਹੋਇਆ ਸਤਿਆਨਾਸ ॥

ਦੋ ਭਾਈਆਂ ਨੇ ਕਰ ਦਿੱਤਾ ਸੰਗਤ ਨੂੰ ਦੋ ਫਾੜ,
ਕਿਹੜਾ ਹੋਵੇ ਜੋ ਕਰੇ ਅੱਜ ਇਹਨਾਂ ਦੀ ਝਾੜ ॥

ਇੱਕ ਭਰਿਆ ਹੰਕਾਰ ਦਾ, ਦੂਜੇ ਵਿੱਚ ਵਿਰੋਧ,
ਅੰਦਰ ਚੂਹੜਾ ਵੱਸਦਾ, ਕਾਹਦੀ ਹੈ ਇਹ ਸੋਧ ॥

ਸੰਗਤ ਦੇ ਵਿੱਚ ਆਣਕੇ ਲੋਕ ਲੋੜਦੇ ਚੈਨ,
ਨਿਤ ਨਵਾਂ ਝਗੜਾ ਕਰਨ, ਸੁਖ ਸਾਹ ਦੇਣ ਨ ਲੈਣ ॥

ਮਰਯਾਦਾ ਨੂੰ ਸਮਝਿਆ, ਇਹਨਾਂ ਮੋਮ ਦੀ ਨੱਕ,
ਮਰਜੀ ਨਾਲ ਮਰੋੜਣਾ, ਸਮਝਨ ਅਪਣਾ ਹੱਕ ॥

ਆਓ ਏਸ ਕਲੇਸ਼ ਦਾ ਕਰੀਏ ਕੋਈ ਇਲਾਜ,
ਨਹੀਂ ਤੇ ਸੰਗਤ ਏਸ ਦਾ, ਵਿਗੜੇ ਗਾ ਹਰ ਕਾਜ ॥

ਇਹਨਾਂ ਨੂੰ ਸਮਝਾਈਏ ਬੜੇ ਪਿਆਰ ਦੇ ਨਾਲ,
ਕਿਓਂ ਕੀਤਾ ਇਸ ਕਲੇ ਸੰਗ, ਸੰਗਤ ਨੂੰ ਮੰਦ ਹਾਲ ॥

ਗੁਰੂਦੁਆਰੇ ਆਣ ਕੇ ਰਹੀਏ ਸਦ ਨਿਰਮਾਨ,
ਘਰੇ ਹੀ ਛੱਡ ਕੇ ਆਈਏ, ਅਹੰਕਾਰ ਅਭਿਮਾਨ ॥

* * * * *



Sri Satguru Jagjit Singh Ji eLibrary NamdhariElibrary@gmail.com

# ਆਓ ਰਲ ਮਿਲ ਕੇ

ਆਓ ਬਈ ਰਲ ਮਿਲ ਕੇ ਸਾਰੇ ਗੀਤ ਪਿਆਰੇ ਦੇ ਗਾਈਏ,
ਨਿੱਕੇ ਮੋਟੇ ਝਗੜੇ ਝਾਂਜੇ ਆਪੋ ਵਿਚ ਨਿਪਟਾਈ ਏ ॥

ਕਿਸੇ ਲਈ ਨ ਬੁਰਾ ਸੋਚੀਏ ਭਲਾ ਸਭਸ ਦਾ ਮੰਗੀਏ,
ਅੰਦਰ ਦਿਆਂ ਵਰੋਧਾਂ ਤਾਈਂ ਫੜ ਛਿੱਕੇ ਤੇ ਟੰਗੀਏ,
ਕੰਡੇ ਬਣ ਕੇ ਕਦੇ ਨ ਚੁੱਭੀਏ ਆਪਾ ਫੁੱਲ ਬਨਾਈਏ ॥

ਕੈਸਾ ਵੀ ਮੌਕਾ ਆ ਜਾਵੇ ਨਿੰਮ੍ਰਤਾ ਨ ਛੱਡੀਏ,
ਮਿੱਠਾ ਬੋਲ ਕਦੂਰਤ ਸਾਰੀ ਮਨ ਆਪਣੇ ਚੋਂ ਕੱਢੀਏ,
ਸ਼ਾਂਤ ਹੋ ਜਾਵੇ ਤਨ ਮਨ ਉਸਦਾ ਜਿਸ ਨੂੰ ਬੋਲ ਸੁਨਾਈਏ ॥

ਲੱਗੇ ਅੱਗ ਤਾਂ ਸਮਝ ਸੋਚ ਲੌ ਭੱਜਿਆਂ ਇਹ ਨ ਬੁੱਝਣੀ,
ਧੀਰਜ ਧਰਿਆਂ ਹੌਸਲਾ ਕਰਿਆਂ ਕੋਈ ਬਿਧ ਹੈ ਸੁੱਝਣੀ,
ਲੱਗੀ ਹੋਈ ਅੱਗ ਤੋਂ ਆਪਾਂ ਏਦਾਂ ਜਾਣ ਬਚਾਈਏ ॥

ਭਾਈ ਚਾਰੇ ਦੇ ਵਿਚ ਬਹਿਕੇ ਕਰੀਏ ਸੱਚੀਆਂ ਗੱਲਾਂ,
ਧੜੇਬੰਦੀ ਖ਼ੁਦ ਗ਼ਰਜ਼ੀ ਛੱਡ ਕੇ ਮਾਰੀਏ ਵੱਡੀਆਂ ਮੱਲਾਂ,
ਸੋਹਣਾ ਇਕ ਸਮਾਜ ਉਸਾਰ ਕੇ ਦੁਨੀਆ ਨੂੰ ਦਿਖਲਾਈਏ ॥

ਹਿੰਮਤ ਕਰ ਇਨਸਾਫ ਦਾ ਪੱਲਾ ਰਖੀਏ ਸਦਾ ਹੀ ਸਾਵਾਂ,
ਤਗੜਾ ਵੇਖ ਮਿਟਾ ਨ ਦੇਈਏ ਮਾੜੇ ਦਾ ਸਰਨਾਵਾਂ,
ਦੁੱਧ ਦਾ ਦੁੱਧ ਪਾਣੀ ਦਾ ਪਾਣੀ, ਕਰਨੋ ਨ ਸ਼ਰਮਾਈਏ ॥



Sri Satguru Jagjit Singh Ji eLibrary NamdhariElibrary@gmail.com

ਕੌਣ ਹੈ ਦੋਸ਼ੀ ਕੌਣ ਖਰਾ ਏ ਸਮਝ ਸੋਚ ਕੇ ਦੱਸੀਏ,
ਬਿਨਾਂ ਕਸੂਰੋਂ ਮਾੜੇ ਤਾਈਂ ਤੰਗ ਕਰਕੇ ਨ ਹੱਸੀਏ,
ਉਲਝਨ ਵਿਚ ਜੇ ਪਿਆਏ ਕੋਈ ਸਗੋਂ ਨ ਹੋਰ ਉਲਝਾਈ ਏ ॥

ਦੀਪਕ ਬਨ ਕੇ ਸਭ ਅੰਧਿਆਰੇ ਦੂਰ ਜੇ ਕਰਨੇ ਚਾਹੋ,
ਪੱਖ-ਪਾਤ ਦੀ ਮੈਲ ਮਨਾਂ ਚੋਂ ਸਾਬਨ ਬਨ ਕੇ ਲਾਹੋ,
ਮਾਨਵਤਾ ਦੀ ਸੇਵਾ ਦਾ ਨ ਅਵਸਰ ਕਦੇ ਗਵਾਈ ਏ ॥

ਇਸ ਦੁਨੀਆ ਵਿਚ ਰਹਿ ਜਾਂਦੀ ਏ ਨੇਕੀ ਤੇ ਭਲਿਆਈ,
ਨੇਕਾਂ ਨੂੰ ਹੀ ਯਾਦ ਹਮੇਸ਼ਾ ਕਰਦੀ ਰਹੇ ਲੁਕਾਈ,
ਹੰਗਤਾਂ ਤੇ ਹੰਕਾਰ ਨੂੰ ਛੱਡ ਕੇ ਨਿੰਮ੍ਰਤਾ ਅਪਨਾਈ ਏ ॥

ਦਸਾਂ ਨੋਹਾਂ ਦੀ ਕਾਰ ਕਮਾਈਏ ਸਰਦਾ ਪੁੱਜਦਾ ਵੰਡੀਏ,
ਚੰਗੇ ਲੋਕਾਂ ਨਾਲ ਸਦਾ ਹੀ ਨਾਤਾ ਅਪਣਾ ਗੰਢੀਏ,
ਸਮਝਾਈ ਏ "ਅਮਰੀਕ" ਜਿਹਾਂ ਨੂੰ ਆਓ ਪਾਸ ਬਿਠਾਈਏ ॥

* * * * *



Sri Satguru Jagjit Singh Ji eLibrary NamdhariElibrary@gmail.com

# ਮੇਰਾ ਭਾਰਤ

ਐ ਮੇਰੇ ਭਾਰਤ ਮੈਂ ਤੇਰੀ ਸ਼ਾਨ ਤੋਂ ਕੁਰਬਾਨ ਹਾਂ ।
ਤੂੰ ਹੈਂ ਇਕ ਸੁੰਦਰ ਮਹੱਲ, ਮੈਂ ਅਦਨਾਂ ਇਕ ਦਰਬਾਨ ਹਾਂ ॥

ਖੁਸ਼ ਨਸੀਬੀ ਹੈ ਕਿ ਮੈਂ ਭਾਰਤ ਦੇ ਵਿਚ ਹਾਂ ਜਨਮਿਆ,
ਪੀ ਪਵਿੱਤਰ ਜਲ ਤੇਰਾ ਚੜ੍ਹਦਾ ਰਿਹਾ ਪਰਵਾਨ ਹਾਂ ॥

ਕੋਈ ਤੇਰੇ ਪਰਬਤਾਂ ਦਰਿਆਵਾਂ ਦਾ ਵੀ ਜਾਨੀ ਨਹੀਂ,
ਹਰ ਸਮੇਂ ਧਨ ਉਗਲਦੇ ਖੇਤਾਂ ਦਾ ਮੰਦ ਇਸਨਾਨ ਹਾਂ ॥

ਤੇਰੇ ਜੰਗਲ ਬੇਲਿਆ ਤੇ ਹਰਘੜੀ ਮੋਹਿਤ ਹਾਂ ਮੈਂ,
ਤੇਰੀ ਮਿੱਟੀ ਦੇ ਹਰਿਕ ਜ਼ੱਰੇ ਦਾ ਕਰਦਾ ਮਾਨ ਹਾਂ ॥

ਤੇਰੇ ਸਿਰਲੱਥ ਜੋਧਿਆਂ ਵੀਰਾਂ ਨੂੰ ਸਦ ਪ੍ਰਣਾਮ ਹੈ,
ਕਰ ਗਏ ਕੁਰਬਾਨੀਆਂ ਤੇ ਮੈਂ ਰਿਹਾ ਅਜ ਮਾਣ ਹਾਂ ॥

ਬੰਦਨਾਂ ਰਿਸ਼ੀਆਂ ਤੇ ਗੁਰੂਆਂ ਪੀਰਾਂ ਦੇ ਇਸ ਦੇਸ਼ ਨੂੰ,
ਸਿਖਿਆ ਜਿੰਨ੍ਹਾਂ ਦੀ ਸਦਕਾ, ਸਕਿਆ ਸੱਚ ਪਹਿਚਾਨ ਹਾਂ ॥

ਤੇਰੇ ਸਭ ਇਤਹਾਸ ਦੇ ਪੱਤਰੇ ਭਰ ਸੰਘਰਸ਼ ਦੇ,
ਸਿਰ ਤੇ ਝੁੱਲੀਆਂ ਔਕੜਾਂ ਤੋਂ ਮੈਂ ਨਹੀਂ ਆਞਜਾਨ ਹਾਂ ॥

ਮਿਟ ਗਏ ਉਹ ਅਣਖ ਤੇਰੀ ਨੂੰ ਜਿੰਨ੍ਹਾਂ ਵੰਗਾਰਿਆ,
ਸਭਿਅਤ ਅਜ ਤੱਕ ਅਟੱਲ ਕੀਕਰ ਰਹੀ ਹੈਰਾਨ ਹਾਂ ॥

ਅਜ ਵੀ ਸੰਕਟ ਦੀ ਘੜੀ ਚਾਹੇ ਸਿਰਾਂ ਤੇ ਛਾ ਰਹੀ,
ਫਿਰ ਵੀ ਤੂੰ ਵਧਦਾ ਹੀ ਜਾਏਂਗਾ ਮੈਂ ਆਸ਼ਾਵਾਨ ਹਾਂ ॥

ਤੇਰੀ ਪਾਵਨ ਧਰਤ ਨੂੰ ਹੱਥ ਲਾਕੇ ਹਾਂ ਪ੍ਰਣ ਕਰ ਰਿਹਾਂ,
ਆਬਰੂ ਖਾਤਰ ਤੇਰੀ ਵਿਚ ਨਿਤਰਿਆ ਮੈਦਾਨ ਹਾਂ ॥

ਮੇਰਾ ਜੀਵਨ ਮਰਨ ਅਰਪਨ ਹੈ ਤੇਰੀ ਅਜ਼ਮਤ ਲਈ
ਤੇਰੀ ਖਾਤਰ ਖਾਕ ਵਿਚ ਰਲ ਕੇ ਕਹਾਂ ਸੁਲਤਾਨ ਹਾਂ ॥



Sri Satguru Jagjit Singh Ji eLibrary NamdhariElibrary@gmail.com

# ਮੇਰੇ ਦੇਸ਼ਵਾਸੀ

ਮੇਰੇ ਹਮਵਤਨ ਐ ਮੇਰੇ ਦੇਸਵਾਸੀ ।
ਤੇਰੇ ਮੂੰਹ ਤੇ ਛਾਈ ਕਿਉਂ ਅਜ ਵੀਉਵਾਸੀ ॥

ਨਸੀਬਾਂ ਤੇ ਨਿਰਭਰ ਨਾ ਕਰ ਮੇਰੇ ਮਿੱਤਰਾ,
ਨਹੀਂ ਬੇੜਾ ਏਦਾਂ ਕਦੀ ਪਾਰ ਲੱਗਣਾ ॥

ਕਰਾਏਗੀ ਹਿੰਮਤ ਤੇਰੀ ਬੰਦ ਖਲਾਸੀ ।
ਮੇਰੇ ਹਮ ਵਤਨ ਐ ਮੇਰੇ ਦੇਸ਼-ਵਾਸੀ ॥

ਤੇਰਾ ਬਾਹੂ-ਬਲ ਮੌਜਜ਼ਾ ਉਹ ਕਰੇਗਾ,
ਕਿ ਸਾਰਾ ਜਹਾਂ ਤੇਰਾ ਪਾਣੀ ਭਰੇਗਾ ॥

ਸੌ ਨਿਹਮਤ ਬਣੇਗੀ ਤੇਰੀ ਚਰਨ ਦਾਸੀ,
ਮੇਰੇ ਹਮਵਤਨ ਹੈ ਮੇਰੇ ਦੇਸ਼ਵਾਸੀ ॥

ਜ਼ਰਾ ਜਾਗ ਕੇ ਵੇਖ ਆਪਣੇ ਚੁਫੇਰੇ,
ਕਿਵੇਂ ਦੁਨੀਆ ਵਧਦੀ ਪਈ ਏ ਅਗੇਰੇ ॥

ਸੁਸਤੀ ਦੀ ਲਾਹ ਕੇ ਪਰ੍ਹਾਂ ਮਾਰ ਫਾਸੀ,
ਮੇਰੇ ਹਮ ਵਤਨ ਐ ਮੇਰੇ ਦੇਸ਼ ਵਾਸੀ ॥

ਜ਼ਮਾਨੇ ਦੇ ਸੰਗ ਜੋ ਕਦਮ ਨ ਰਲਾਏ,
ਕਦਰ ਵਕਤ ਦੀ ਜੋ ਨਾ ਇਨਸਾਨ ਪਾਏ ॥

ਕੁਦਰਤੋਂ ਪਵੇ ਮਾਰ ਉਸ ਨੂੰ ਦੋ ਪਾਸੀ,
ਮੇਰੇ ਹਮਵਤਨ ਐ ਮੇਰੇ ਦੇਸ਼ਵਾਸੀ ॥



Sri Satguru Jagjit Singh Ji eLibrary NamdhariElibrary@gmail.com

# ਪਹਿਲਾਂ ਤੇ ਅਜ ਦੀ ਦਸ਼ਾ

ਸੋਚਦਾ ਹਾਂ ਮੈਂ ਹੁਣ ਤੀਕਰ ਕਿਉਂ ਨੇਰਾ ਢੋਇਐ,
ਅੱਧਾ ਜੀਵਨ ਐਵੇਂ ਕਿਓਂ ਭਰਮਾਂ ਵਿਚ ਖੋਇਐ ॥

ਜਿਸ ਮਨ ਤ੍ਰਿਪਤੀ ਖਾਤਰ ਮੈਂ ਸਹਿਰਾਵੀਂ ਫਿਰਿਆ,
ਕਈ ਵੇਰਾਂ ਤੂਫ਼ਾਨਾਂ ਵਿਚ ਮੈਂ ਫਸਿਆ ਘਿਰਿਆ ॥

ਇਕ ਛਲਾਵਾ ਨਿਕਲਿਆ ਮੇਰੀ ਸੋਧ ਦੇ ਅੱਗੋਂ,
ਪਤਾ ਲਗਾ ਮੈਂ ਮੱਖਣ ਲਭਦਾ ਰਿਹਾ ਹਾਂ ਝਗੋਂ ॥

ਮ੍ਰਿਗ ਤ੍ਰਿਸ਼ਨਾਂ ਦੇ ਪਿਛੇ ਅਪਣਾਂ ਆਪ ਵੰਜਾਇਐ,
ਹਾਰ ਹੁਟ ਘਰ ਵਿਚੋਂ ਹੀ ਮੈਂ ਸਭ ਕੁਝ ਪਾਇਐ ॥

ਅਗਲੇ ਸੁਖ ਲਈ ਹੁਣ ਦਾ ਸੁਖ ਮੈਂ ਖੂਹੇ ਸੁੱਟਿਆ,
ਡਰ ਡਰ ਕੇ ਹੁਣ ਤੀਕਰ ਐਵੇਂ ਮਰ ਮਰ ਮੁਕਿਆ ॥

ਪਰਛਾਵੇਂ ਨੂੰ ਪੂਜ ਪੂਜ ਮੇਰਾ ਮੱਥਾ ਘਸਿਆ,
ਮਹਾਂ ਘੋਰ ਇਸ ਅੰਧ ਕੂਪ ਵਿਚ ਐਸਾ ਫਸਿਆ ॥

ਇਕ ਝੂਠੇ ਪਰਛਾਵੇਂ ਮੈਨੂੰ ਐਸਾ ਠੱਗਿਆ,
ਵਰਦਾਨਾਂ ਦਾ ਮੈਨੂੰ ਬਸ ਉਹ ਦਾਤਾ ਲੱਗਿਆ ॥

ਨਰਕ ਸੁਰਗ ਦੇ ਗੇੜ ਚ ਉਸ ਨੇ ਐਸਾ ਪਾਇਆ,
ਲਹਿਣ ਨ ਦਿਤਾ ਮੇਰੇ ਤੋਂ ਭਰਮਾਂ ਦਾ ਸਾਇਆ ॥



Sri Satguru Jagjit Singh Ji eLibrary NamdhariElibrary@gmail.com

ਐਪਰ ਹੁਣ ਮੈਂ ਸਭ ਭਰਮਾਂ ਤੋਂ ਸੁਰਖ਼ੁਰ ਹੋਇਆ,
ਸਭ ਪਾਖੰਡ ਦੀ ਮੈਲ ਨੂੰ ਹੁਣ ਮੈਂ ਛੰਡਿਆ ਧੋਇਆ ॥

ਅੰਧ ਕੂਪ ਚੋਂ ਆਪੇ ਹੀ ਮੈਂ ਬਾਹਰ ਨਿਕਲਿਆ,
ਚਾਨਣ ਦੇ ਮਾਰਗ ਤੇ ਹੁਣ ਮੈਂ ਸਿੱਧਾ ਚਲਿਆ ॥

ਹੱਥ ਮਿਰੇ ਭਗਵਾਨ ਕਿਰਤ ਹੈ ਮੇਰੀ ਮੁਕਤੀ,
ਵਿਹਲ ਨਰਕ ਤੇ ਕਮ ਸੁਰਗ ਇਹ ਮੇਰੀ ਜੁਗਤੀ ॥

ਤੀਰਥ ਮੇਰੇ ਖੇਤ ਸਰੋਵਰ ਮੇਰੇ ਖਾਲੇ,
ਹਲ ਮੇਰਾ ਦਾਤਾਰ ਜੋ ਮੈਨੂੰ ਹਰ ਦਮ ਪਾਲੇ ॥

ਸੁਖ ਵਿਹਾਰ ਤੇ ਨਿੰਮਰਤਾ ਹੈ ਮੇਰੀ ਭਗਤੀ,
ਬਾਹੂ ਬਲ ਹੈ ਕੋਲ ਮਿਰੇ ਇਕ ਆਣ ਮੁਕ ਸ਼ਕਤੀ ॥

ਖ਼ੁਸ਼ ਰਹਿਣਾਂ ਖ਼ੁਸ਼ ਰਖਣਾਂ ਮੈਂ ਆਦਰਸ਼ ਬਨਾਇਐ,
ਦਰਦਮੰਦਾਂ ਦਾ ਦਰਦ ਵੰਡਾਡਾਂ ਲਕਸ਼ ਬਨਾਇਐ ॥

ਕਿਸੇ ਨਾਲ ਵਿਸ਼ਵਾਸ ਘਾਤ ਨੂੰ ਪਾਪ ਸਮਝਣਾਂ,
ਨੇਕ ਬਣਨ ਦੀ ਚਿੰਤਾ ਨੂੰ ਹੀ ਜਾਪ ਸਮਝਣਾਂ ॥

* * * * *



Sri Satguru Jagjit Singh Ji eLibrary NamdhariElibrary@gmail.com

# ਸਮੇਂ ਦੀ ਮੰਗ

ਨੋਜਵਾਨਾਂ ਤਿਆਗ ਦੇ ਗ਼ਫ਼ਲਤ ਸਮੇਂ ਦੀ ਮੰਗ ਹੈ,
ਉਠ ਕਿ ਅਜ ਸੰਸਾਰ ਸਾਰੇ ਦਾ ਦੁਖੀ ਹਰ ਅੰਗ ਹੈ ॥

ਅਜ ਅਖੌਤੀ ਆਗੂਆਂ ਬਸ ਸਿਰਫ ਮਤਲਬ ਵਾਸਤੇ,
ਲਿਆ ਖੜਾ ਕੀਤਾ ਏ ਜਿਥੋਂ ਕੁਝ ਕਦਮ ਤੇ ਜੰਗ ਹੈ ॥

ਉੱਡ ਗਿਆ ਕਾਫੂਰ ਬਨ ਕੇ ਪਿਆਰ ਇਸ ਸੰਸਾਰ ਤੋਂ,
ਜਿਸ ਨੂੰ ਹੱਥ ਲਾਓ ਬੜਾ ਹੀ ਤੇਜ਼ ਉਸਦਾ ਡੰਗ ਹੈ ॥

ਹਰ ਤਰਫ਼ ਨਫ਼ਰਤ ਦਾ ਇਕ ਤੂਫ਼ਾਨ ਝੁਲਿਆ ਜਾਪਦੈ,
ਕਾਦਰੇ ਕੁਦਰਤ ਵੀ ਜਿਸਨੂੰ ਵੇਖ ਹੋਇਆ ਦੰਗ ਹੈ ॥

ਅਜ ਮਾਨੁਖਤਾ ਨੂੰ ਗਰਸਿਆ ਏ ਕਈ ਬੀਮਾਰੀਆਂ,
ਦਿਨ ਬਦਿਨ ਹੀ ਬਦਲਦਾ ਜਾਂਦਾ ਸਮੇਂ ਦਾ ਰੰਗ ਹੈ ॥

ਅਜ ਅਮੀਰੀ ਦੈਂਤ ਬਨ ਕੇ ਨਿਗਲ ਰਹੀ ਅੱਵਾਮ ਨੂੰ,
ਭੁਜ ਰਹੀ ਅਜ ਕਿਰਤੀਆਂ ਦੇ ਘਰ ਨਿਰੀ ਹੀ ਭੰਗ ਹੈ ॥

ਜੇ ਕਰੇਂ ਹਿੰਮਤ ਜਵਾਨਾਂ ਬਦਲ ਦੇ ਸੰਸਾਰ ਨੂੰ
ਕਮਰ ਕੱਸ ਲੈ ਬਦਲਣਾਂ ਲੋਕਾਂ ਦਾ ਹੁਣ ਢੰਗ ਹੈ ॥

ਨੌਜਵਾਨਾਂ ਤਿਆਗ ਦੇ ਗ਼ਫ਼ਲਤ ਸਮੇਂ ਦੀ ਮੰਗ ਹੈ,
ਉਚ ਕਿ ਅਜ ਸੰਸਾਰ ਸਾਰੇ ਦਾ ਦੁਖੀ ਹਰ ਅੰਗ ਹੈ ॥

* * * * *



Sri Satguru Jagjit Singh Ji eLibrary NamdhariElibrary@gmail.com

# ਲੀਡਰ ਜੀ

ਲੀਡਰ ਜੀ ਤੁਸੀਂ ਕਿਥੋਂ ਆਏ, ਠਾਠ ਬਾਠ ਤੁਸਾਂ ਬੜੇ ਬਨਾਏ ।
ਕਿਥੋਂ ਲਈ ਬਦੇਸੀ ਕਾਰ, ਜਿਸ ਦੇ ਉਤੇ ਹੋ ਅਸਵਾਰ ॥

ਤਿੰਨ ਛੱਤਾ ਇਹ ਬੰਗਲਾ ਪਾਇਆ, ਫਰਨੀਚਰ ਸੰਗ ਖੂਬ ਸਜਾਇਆ ।
ਫਰਿਜ ਰੇਡੀਓ ਟੈਲੀਵਿਜ਼ਨ, ਸਰਵੈਂਟਾਂ ਦੀ ਫ਼ੁਲ ਡਵੀਜ਼ਨ ॥

ਪੈਨ ਪਾਰਕਾਰ ਸੀਕੋ ਘੜੀਆਂ, ਸੋਨੇ ਨਾਲ ਸੁਆਣੀਆਂ ਮੜ੍ਹੀਆਂ,
ਆਪ ਭਾਵੇਂ ਤੁਸੀਂ ਖੱਦਰ ਪਾਂਦੇ, ਸਾਰੇ ਜੀ ਟੈਰੀਨ ਹੰਢਾਂਦੇ ॥

ਵਿਹੜੇ ਦੇ ਵਿਚ ਚੱਲਣ ਫੁਹਾਰੇ, ਘਰ ਵਿਚ ਹੀ ਕਸ਼ਮੀਰ ਪਿਆਰੇ,
ਕੂਲਰ, ਟੇਬਲ ਸੀਲਿੰਗ ਪੰਖੇ, ਹਰ ਕਮਰੇ ਵਿਚ ਦੋ ਦੋ ਰੱਖੇ,
ਹਰ ਕਮਰੇ ਵਿਚ ਏ.ਸੀ. ਲੱਗੇ, ਗਰਮੀ ਵਿਚ ਵਾ ਠੰਢੀ ਵੱਗੇ ॥

ਫਰਸ਼ਾਂ ਉੱਤੇ ਨਰਮ ਗ਼ਲੀਚੇ, ਫੁੱਲ ਹਰ ਕਿਸਮ ਨੇ ਵਿਚ ਬਗੀਚੇ,
ਕਿਵੇਂ ਖਰੀਦੇ ਤੁਸਾਂ ਮੁੱਰਬੇ, ਕਿਥੋਂ ਭਰੇ ਨੋਟਾਂ ਦੇ ਥੱਬੇ ॥

ਕਿਵੇਂ ਲਕਸ਼ਮੀ ਤੁਸਾਂ ਮਨਾਈ, ਬਹੁਤ ਸੋਚਿਆ ਸਮਝ ਨ ਆਈ,
ਕਲ ਅਜੇ ਸੀ ਭੁਖੇ ਮਰਦੇ, ਸਾਡੇ ਵਾਂਗ ਹੀ ਦੁਖੜੇ ਜਰਦੇ ॥

ਕਿੱਧਰ ਗਿਆ ਉਹ ਸਾਈਕਲ ਟੁੱਟਿਆ, ਹਰ ਪੁਰਜ਼ਾ ਸੀ ਜਿਸਦਾ ਫੁੱਟਿਆ,
ਯਾਦ ਕਰੋ ਕੱਖਾਂ ਦੀ ਕੁੱਲੀ, ਜਿਸ ਵਿਚ ਸੀ ਗੁੱਲੀ ਨ ਜੁੱਲੀ ॥

* * * * *



Sri Satguru Jagjit Singh Ji eLibrary NamdhariElibrary@gmail.com

# ਕੁਫ਼ਰ ਹੈ

ਕੁਫ਼ਰ ਹੈ ਜੇਕਰ ਅਸਲੀਅਤ ਤੋਂ ਪਰਦਾ ਚੁਕਣਾ,
ਕੁਫ਼ਰ ਹੈ ਜੇਕਰ ਸੱਚ ਆਖਣੋਂ ਕਦੀ ਨ ਰੁਕਣਾ ।
ਕੁਫ਼ਰ ਹੈ ਜੇਕਰ ਕਾਲੀ ਰਾਤ ਚ' ਜਾਗ ਕੇ ਰਹਿਣਾਂ,
ਕੁਫ਼ਰ ਹੇ ਜੇਕਰ ਚਿੱਟੇ ਦਿਨ ਨੂੰ ਦਿਨ ਹੀ ਕਹਿਣਾਂ ।

ਕੁਫ਼ਰ ਹੈ ਜੇ ਪਾਖੰਡ ਦੇ ਪੈਰ ਨ ਲੱਗਣ ਦੇਣੇ,
ਭਰਮ ਭੁਲੇਖਿਆ ਵਿਚ ਨ ਲੋਕੀ ਠੱਗਣ ਦੇਣੇ ।
ਕੁਫ਼ਰ ਹੈ ਝੂਠੇ ਧਰਮੀਆਂ ਨੂੰ ਦਿਲ ਖੋਲ ਕੇ ਭੰਡਣਾ,
ਅਗਿਆਨ ਧੂੜ ਮਨ ਚਾਦਰ ਚੋਂ ਫੜ ਕੰਨੀਆਂ ਛੰਡਣਾ ।

ਕੁਫ਼ਰ ਹੈ ਜੇ ਜਾਬਰ ਨੂੰ ਜਬਰ ਕਰਨ ਤੋਂ ਡੱਕਣਾਂ,
ਮਰ ਜਾਣਾਂ ਮਜ਼ਲੂਮਾਂ ਦਾ ਦੁਖ ਸਹਿ ਨ ਸਕਣਾ ।
ਕੁਫ਼ਰ ਹੈ ਜੇ ਅਪਣੇ ਹਰ ਹੱਕ ਦੀ ਖਾਤਰ ਲੜਨਾ,
ਹਰ ਅੰਨਿਆ ਦੇ ਸਾਹਵੇਂ ਪਰਬਤ ਬਣ ਕੇ ਅੜਣਾਂ ।

ਕੁਫ਼ਰ ਹੈ ਜੇ ਨ ਹੋਣ ਦੇਣੀਆਂ ਕਾਣੀਆਂ ਵੰਡਾਂ,
ਆਸਾਂ ਦੇ ਬੋਹਲਾਂ ਤੋਂ ਭਰਨ ਨ ਦੇਣੀਆਂ ਪੰਡਾਂ ।
ਕੁਫ਼ਰ ਹੈ ਜੇ ਡਿਗਿਆਂ ਨੂੰ ਦੇਣਾਂ ਆਪ ਸਹਾਰਾ,
ਜੀਣਾਂ ਤੇ ਜੀਣ ਦਾ ਹਕ ਦੇਣਾ ਜੇ ਕੁਫ਼ਰ ਹੈ ਯਾਰਾ ।



Sri Satguru Jagjit Singh Ji eLibrary NamdhariElibrary@gmail.com

ਕੁਫ਼ਰ ਹੈ ਜੇ ਨਕਲੀ ਨੂੰ ਅਸਲੀ ਬਣਨ ਨ ਦੇਣਾਂ,
ਗ਼ਲਤ ਕੰਮ ਖੁਦ ਨ ਕਰਨਾ ਅਤੇ ਕਰਨ ਨ ਦੇਣਾਂ,
ਕੁਫ਼ਰ ਹੈ ਜੇ ਚਾਨਣ ਨੂੰ ਨ੍ਹੇਰਾ ਕਹਿਣ ਤੋਂ ਸੰਗਣਾਂ,
ਘੋਰ ਹਨੇਰੇ ਖੂੰਜਿਆਂ ਤੋਂ ਬੱਚ ਬੱਚ ਕੇ ਲੰਘਣਾਂ ।

ਕੁਫ਼ਰ ਹੈ ਜੇ ਸੁਲਝਾ ਦੇਣਾ ਹਰ ਉਲਝਿਆ ਤਾਣਾਂ,
ਮਾਨੁਖਤਾ ਦੇ ਵੈਰੀ ਦਾ ਵੈਰੀ ਬਣ ਜਾਣਾਂ ।
ਕੁਫ਼ਰ ਹੈ ਜੇਕਰ ਲੋੜ ਪੂਰਨੀ ਲੋੜ ਵੰਦਾਂ ਦੀ,
ਧਰਵਾਸ ਬੰਨ੍ਹਣੀ ਘਰ ਜਾ ਜਾ ਕੇ ਦਰਦ ਮੰਦਾਂ ਦੀ ।

ਮੈਨੂੰ ਐਸੇ ਕੁਫ਼ਰ ਦੇ ਕੰਮ ਕਰਨ ਤੋਂ ਰੋਕੋ ਨਾਂ,
ਇਕ ਬਹੁਤ ਹੀ ਵਧੀਆ ਕਾਫ਼ਰ ਬਣਨ ਤੋਂ ਰੋਕੋ ਨਾਂ ।

* * * * *



Sri Satguru Jagjit Singh Ji eLibrary NamdhariElibrary@gmail.com

# ਨਾ ਜਵਾਨ ਦੀ ਜੈ ਨਾ ਕਿਸਾਨ ਦੀ ਜੈ

ਨਾਂ ਜਵਾਨ ਦੀ ਜੈ ਨਾਂ ਕਿਸਾਨ ਦੀ ਜੈ,
ਅੱਜ ਜੈ ਹੈ ਤਾਂ ਬਸ ਸ਼ੈਤਾਨ ਦੀ ਜੈ,
ਉਹ ਵਕਤ ਪਤਾ ਨਹੀਂ ਕਦ ਆਉਣੈ,
ਜਦੋਂ ਹੋਵੇਗੀ ਇਕ ਇਨਸਾਨ ਦੀ ਜੈ ॥

ਹੱਦਾਂ ਤੇ ਮਰੇ ਤਾਂ ਜਵਾਨ ਮਰੇ,
ਅੰਨ ਪੈਦਾ ਕਰੇ ਤਾਂ ਕਿਸਾਨ ਕਰੇ,
ਸ਼ੈਤਾਨ ਦਾ ਪੁੱਤ ਬਸ ਘਰ ਬਹਿਕੇ
ਰਹੇ ਬੋਲਦਾ ਹਿੰਦੋਸਤਾਨ ਦੀ ਜੈ ॥

ਹੱਥੀਂ ਕਰਦਾ ਏ ਜੋ ਭੁਖਾ ਮਰਦਾ ਏ ਉਹ,
ਕਰੇ ਬੇਈਮਾਨੀ ਜੋ ਜੇਬਾਂ ਭਰਦਾ ਏ ਉਹ,
ਤਕਿਐ ਮੈਂ ਏਸ ਨਿਜ਼ਾਮ ਦੇ ਵਿਚ
ਹੋ ਰਹੀ ਏ ਬਸ ਬੇਈਮਾਨ ਦੀ ਜੈ ॥

ਲੋਕਾਂ ਦੀ ਅਕਲ ਤੇ ਸੁਟ ਪਰਦਾ,
ਦਿਨ ਦੀਵੀ ਅੱਖਾਂ ਵਿਚ ਪਾ ਗਰਦਾ,
ਲੁੱਟਦੇ ਜਾਵਨ ਨਾਲੇ ਕਹੀ ਜਾਵਨ
ਬੋਲੋ ਮਿਲ ਝੂਠਸਤਾਨ ਦੀ ਜੈ ॥



Sri Satguru Jagjit Singh Ji eLibrary NamdhariElibrary@gmail.com

ਮੋਮਨ ਦੀ ਸ਼ਕਲ ਕਾਫ਼ਰ ਦਾ ਕਰਮ,
ਪੈਸਾ ਹੀ ਇਹਨਾਂ ਦਾ ਹੈ ਮਜ਼ਬ ਧਰਮ,
ਬਿਲੇ ਲੱਗ ਜਾਵਨ ਕਿਤੇ ਰੱਬ ਕਰਕੇ
ਹੋਵੇ ਜੰਤਾ ਦੇ ਫ਼ਰਮਾਨ ਦੀ ਜੈ ॥

ਲੋਕਾ! ਇਹ ਵਕਤ ਹੈ ਜਾਗਨ ਦਾ,
ਡਰ ਭਰਮ ਤੇ ਵਹਿਮ ਤਿਆਗਣ ਦਾ,
ਬਦਲੋ ਇਹ ਨਜ਼ਾਮ ਕਿ ਜਿਸ ਵਿਚ ਹੈ
ਬਲਵਾਨ ਦੀ ਜੈ ਧਨਵਾਨ ਦੀ ਜੈ ॥

ਅਪਣੀ ਕਿਸਮਤ ਖੁਦ ਆਪ ਘੜੋ,
ਇਹਨਾਂ ਡਾਕੂਆਂ ਦੀ ਅੱਜ ਧੌਣ ਫੜੋ,
ਚੁੱਪ ਕੀਤਿਆਂ ਗੁਜ਼ਾਰਾਂ ਨਹੀਂ ਹੋਣਾ,
ਹਿੰਮਤ ਸੰਗ ਕੁਝ ਕਰ ਜਾਣ ਦੀ ਜੈ ॥

* * * * *



Sri Satguru Jagjit Singh Ji eLibrary NamdhariElibrary@gmail.com

# ਇੱਛਾ

ਚਾਹੁੰਦਾ ਹਾਂ ਕਿ ਮੈਂ ਤਨ ਮਨ ਧਨ ਆਪਣਾਂ ਇਸ ਪਿਆਰੇ ਵਤਨ ਤੋਂ ਵਾਰ ਦਿਆਂ,
ਇਹਦੇ ਲੱਖ ਇਹਸਾਨਾਂ ਦਾ ਸਿਰ ਉਪਰੋਂ ਜਿੰਦ ਵਾਰ ਕੇ ਭਾਰ ਉਤਾਰ ਦਿਆਂ,

ਮੈਨੂੰ ਇਸਦੇ ਮਹਾਨ ਹਿਮਾਲੀਆ ਨੇ ਵੈਰੀ ਸਾਹਵੇਂ ਅੜਨਾਂ ਦੱਸਿਆ ਏ,
ਗੋਦਾਵਰੀ, ਗੰਗਾ ਤੇ ਜਮਨਾਂ ਨੇ ਮੇਰੇ ਜੋਸ਼ ਨੂੰ ਚੜਨ੍ਹਾਂ ਦਸਿਆ ਏ,
ਰਾਵੀ ਸਤਲੁਜ ਬਿਆਸ ਝਨਾਂ ਵਾਂਗੂ ਸਾਹਵੇਂ ਅੜਨ ਵਾਲੇ ਨੂੰ ਮਾਰ ਦਿਆਂ॥

ਇਹਦੀ ਮਸਤ ਹਵਾ ਨੇ ਸਿਖਾਇਆ ਏ, ਔਕੜ ਵਿਚ ਮਸਤ ਮਲੰਗ ਰਹਿਣਾਂ,
ਇਹਦੇ ਨਿਰਮਲ ਪਾਣੀਆਂ ਜਾਚ ਦਸੀ, ਹਰ ਘੜੀ ਹਰ ਵਕਤ ਨਿਸ਼ੰਗ ਰਹਿਣਾਂ,
ਕਿਓਂ ਨਾਂ ਮੈਂ ਅਜੇਹੇ ਵਤਨ ਲਈ ਸੁਖ ਸੁਆਦ ਸਭੋ ਕੁਝ ਵਾਰ ਦਿਆਂ ।

ਇਹਦੇ ਚੌੜੇ ਮੈਦਾਨਾਂ ਦੇ ਵਾਂਗ ਮੇਰਾ ਚੌੜਾ ਹਿਰਦੈ ਜਿਸ ਦੀ ਨ ਹੱਦ ਕੋਈ,
ਇਹਦੇ ਸੰਘਣੇ ਜੰਗਲਾਂ ਬੇਲਿਆਂ ਜਿਓਂ, ਸੋਹਣਾ ਵੀ ਨਹੀਂ ਜੇ ਵੱਧ ਕੋਈ,
ਜਿਹੜਾ ਇਸ ਵਲ ਕੈਰੀ ਨਜ਼ਰ ਕਰੇ, ਬੇੜੀ ਲਗਣ ਨਾਂ ਉਸ ਦੀ ਪਾਰ ਦਿਆਂ।

ਜਿਹੜੀ ਧਰਤੀ ਤੇ ਰਾਮ-ਕ੍ਰਿਸ਼ਨ ਪਲੇ ਉਸ ਧਰਤੀ ਦਾ ਹੀ ਮੈਂ ਇਕ ਕਿਣਕਾ ਹਾਂ,
ਪਰਤਾਪ ਸ਼ਿਵਾ, ਗੁਰੂ ਗੋਬਿੰਦ ਦੀ ਮਾਲਾ ਦਾ ਹੀ ਮੈਂ ਇਕ ਮਣਕਾਂ ਹਾਂ,
ਪ੍ਰਣ ਕੀਤਾ ਏ ਉਹਨਾਂ ਦੀ ਵੀਰਤਾ ਨੂੰ ਹਰ ਹਾਲ ਮੈਂ ਲਾ ਚੰਨ ਚਾਰ ਦਿਆਂ ॥

ਤੂਫਾਨਾਂ ਦੇ ਮੂਹਰੇ ਅੜ ਸਕਣਾਂ ਬਿਨਾਂ ਸੀਸ ਲੜਾਈਆਂ ਕਰਸਕਣਾਂ,
ਤੋਪਾਂ ਦੇ ਸਾਹਵੇਂ ਖੜ ਸਕਣਾਂ ਹੱਸ ਫਾਂਸੀ ਦੇ ਰੱਸਿਆ ਨੂੰ ਫੜ ਸਕਣਾਂ,
ਇਸ ਦੇਸ ਲਈ ਆਪਣੇ ਪਿਆਰਿਆਂ ਨੂੰ ਘੱਲ ਸਾਰੇ ਸਮੁੰਦਰੋਂ ਪਾਰ ਦਿਆਂ ।

ਮਿੱਤਰਾਂ ਦਾ ਦਾਸ ਹਾਂ ਬਿਨ ਦਾਮੋਂ, ਦੁਸ਼ਮਣ ਲਈ ਤੇਗ ਦੋ ਧਾਰੀ ਹਾਂ,
ਹਾਮੀ ਹਾਂ ਅਮਨ ਦਾ ਜਿੰਦ ਜਾਨੋਂ, ਜੰਗਬਾਜ ਲਈ ਚੋਟ ਕਰਾਰੀ ਹਾਂ,
ਹਿੰਮਤ ਦੀ ਕੰਧ ਅਮਰੀਕ ਸਿੰਘਾਂ, ਅਜ ਦੇਸ਼ ਦੁਆਲੇ ਉਸਾਰ ਦਿਆਂ ॥



Sri Satguru Jagjit Singh Ji eLibrary NamdhariElibrary@gmail.com

# ਠੰਢ ਵਰਤਾਓ

ਅਗਨ ਬਲੰਦੀ ਠੰਢ ਵਰਤਾਓ, ਭਖਦੇ ਨੇ ਅੰਗਿਆਰ ਬੁਝਾਓ,

ਹਰ ਹਿਰਦੇ ਵਿਚ ਧੁਖਦੀ ਧੂਣੀ, ਜਿੰਦ ਹਰੇਕ ਹੈ ਨਿੰਮੋ ਝੂਣੀ,
ਡੋਲਦੇ ਮਨਾਂ ਨੂੰ ਧੀਰ ਬੰਨ੍ਹਾਓ, ਅਗਨ ਬਲੰਦੀ ਠੰਢ ਵਰਤਾਓ ॥

ਲਾਲਚ ਲੋਭ ਦਾ ਬੰਨ੍ਹ ਹੈ ਟੁੱਟਿਆ, ਹਵਸ ਕਾਫ਼ਲਾ ਸਾਰਾ ਲੁੱਟਿਆ,
ਤਨ ਮਨ ਲੁੱਟਣੋ ਆਪ ਬਚਾਓ, ਅਗਨ ਬਲੰਦੀ ਠੰਢ ਵਰਤਾਓ ॥

ਗਰਦ ਗੁਬਾਰ ਚੁਫੇਰੇ ਝੁੱਲਿਆ, ਹਰ ਇਕ ਰਾਹੀ ਰਸਤਾ ਭੁੱਲਿਆ,
ਉਂਗਲੀ ਫੜ ਕੇ ਰਸਤੇ ਪਾਓ, ਅਗਨ ਬਲੰਦੀ ਠੰਢ ਵਰਤਾਓ ॥

ਦੁਖਾਂ ਦੀ ਨੈ ਠੱਲ ਸਕਦੇ ਹੋ, ਮਸਲੇ ਸਭ ਕਰ ਹੱਲ ਸਕਦੇ ਹੋ,
ਅਪਣੀ ਸ਼ਕਤੀ ਅਜ ਅਜ਼ਮਾਓ, ਅਗਨ ਬਲੰਦੀ ਠੰਢ ਵਰਤਾਓ ॥

ਹਰ ਪਾਸੇ ਹੈ ਹਾਏ ਹਾਏ, ਅਪਣੇ ਬਣਦੇ ਜਾਣ ਪਰਾਏ,
ਵਿਛੱੜਿਆਂ ਨੂੰ ਗੱਲੇ ਲਗਾਓ, ਅਗਨ ਬਲੰਦੀ ਠੰਢ ਵਰਤਾਓ ॥

ਛੱਡ ਤੁਸਾਂ ਨੂੰ ਕਿੱਧਰ ਜਾਈਏ, ਕਿਸ ਨੂੰ ਮੰਦੜਾ ਹਾਲ ਵਖਾਈਏ,
ਆਪ ਹੀ ਉਲਝਣ ਇਹ ਸੁਲਝਾਓ ਅਗਨ ਬਲੰਦੀ ਠੰਢ ਵਰਤਾਓ ॥



Sri Satguru Jagjit Singh Ji eLibrary NamdhariElibrary@gmail.com

ਨਫ਼ਰਤ ਦੀ ਘਟ ਸੰਘਣੀ ਹੋਈ, ਕਿਸੇ ਵੀ ਕੋਨੇ ਮਿਲੇ ਨੇ ਢੋਈ,
ਪਿਆਰ ਫੁਹਾਰ ਚੁਫੇਰ ਵਸਾਓ, ਅਗਨ ਬਲੰਦੀ ਠੰਢ ਵਰਤਾਓ ॥

ਸਮੇਂ ਦੀ ਉਲਟੀ ਚਾਲ ਬਣੀਏ, ਜ਼ਿੰਦਗੀ ਪਾਇਮਾਲ ਬਣੀ ਏ,
ਠੰਢੀਆਂ ਪੌਣਾਂ ਅਜ ਰੁਮਕਾਓ, ਅਗਨ ਬਲੰਦੀ ਠੰਢ ਵਰਤਾਓ ॥

ਵਿਛੜਿਆਂ ਨੂੰ ਬੁਕਲੀਂ ਲੈਕੇ, ਲਵੋ ਪਲੋਸ ਪਿਆਰੇ ਕਹਿਕੇ,
ਰੁੱਸ ਗਿਐ ਨੂੰ ਆਪ ਮਨਾਓ, ਅਗਨ ਬਲੰਦੀ ਠੰਢ ਵਰਤਾਓ ॥

ਤੁਸਾਂ ਦਾ ਹਿਰਦੈ ਸਾਗਰ ਜੇਹਾ, ਇਹ ਸੰਕਟ ਹੈ ਗਾਗਰ ਜੇਹਾ,
ਗਾਗਰ ਸਾਗਰ ਵਿਚ ਉਲਟਾਓ, ਅਗਨ ਬਲੰਦੀ ਠੰਢ ਵਰਤਾਓ ॥

ਘੁਮਣ ਘੇਰੀ ਘੁਮ ਰਿਹਾਂ ਨੂੰ, ਵਿਚ ਹਨੇਰੇ ਗੁੰਮ ਗਿਆਂ ਨੂੰ,
ਬਾਹੋਂ ਪਕੜ ਕਿਨਾਰੇ ਲਾਓ, ਅਗਨ ਬਲੰਦੀ ਠੰਢ ਵਰਤਾਓ ॥

ਅਰਜ਼ ਕਰੇ "ਅਮਰੀਕ" ਨਿਮਾਣਾ, ਚਰਨ ਫੜੇ ਛੁਡਵਾ ਨ ਜਾਣਾਂ,
ਭਾਂਬੜ ਸ਼ਾਂਤ ਇਹ ਕਰਕੇ ਜਾਓ, ਅਗਨ ਬਲੰਦੀ ਠੰਢ ਵਰਤਾਓ ॥

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਕੁੰਡਲੀਏ ਧੀਆਂ ਦੇ ਨਾਮ

ਧੀਏ ਤੈਥੋਂ ਵਿੱਛੜਿਆਂ, ਨੌਹਾਂ ਤੋਂ ਉੱਚੜੇ ਮਾਸ,
ਜਾਪੇ ਸੁੰਨਾਂ ਹੋ ਗਿਆ, ਜੀਵਨ ਦਾ ਹਰ ਸੁਆਸ,
ਜੀਵਨ ਦਾ ਹਰ ਸੁਆਸ, ਬਿਨਾਂ ਤੇਰੇ ਹੈ ਐਸਾ,
ਜਿਉਂ ਮਛਲੀ ਦਾ ਜੀਵਣਾਂ ਬਿਨ ਪਾਣੀ ਜੈਸਾ,
ਕਹੇ ਕਵੀ "ਅਮਰੀਕ" ਬਾਤ ਇਹ ਸਮਝੋ ਖਾਸ,
ਮਾਪੇ ਧੀਆਂ ਤੋਰਦੇ, ਨੌਹਾਂ ਤੋਂ ਉਚੜੇ ਮਾਸ ॥

ਧੀਆਂ ਦੂਰ ਵਸੰਦੀਆਂ, ਵੱਸਣ ਦਿਲ ਦੇ ਕੋਲ,
ਪੁੱਤ ਵੱਸਦੇ ਨੇ ਕੋਲ ਪਰ ਕਰਨ ਨ ਸਾਂਝੇ ਬੋਲ,
ਕਰਨ ਨ ਸਾਂਝੇ ਬੋਲ ਸਦਾ ਹੀ ਟੇਢੇ ਰਹਿੰਦੇ,
ਕੋਲੋਂ ਲੰਘ ਲੰਘ ਜਾਣ ਕਦੇ ਵੀ ਕੋਲ ਨ ਬਹਿੰਦੇ,
ਕਹੇ ਕਵੀ ਅਮਰੀਕ ਇਹ ਸਮਝੋ ਢੋਲ ਦਾ ਪੋਲ,
ਕੋਲ ਹੁੰਦਿਆਂ ਪੁੱਤ ਦੂਰ ਨੇ, ਧੀਆਂ ਦਿਲ ਦੇ ਕੋਲ ॥

ਧੀਆਂ ਦੋ ਸੌ ਕੋਸ ਤੋਂ ਮੰਗਣ ਮਾਪਿਆਂ ਖ਼ੈਰ,
ਪੁੱਤ ਪਰ ਜਾਇਦਾਦ ਲਈ, ਪਾਸ ਰਹਿ ਪਾਵਣ ਵੈਰ,
ਪਾਸ ਰਹਿ ਪਾਵਨ ਵੈਰ, ਸ਼ਰੀਕਾ ਰਹਿੰਦੇ ਕਰਦੇ,
ਮਾਪਿਆਂ ਦੀ ਪੱਤ ਖੋਹਣ ਤੋਂ ਵੀ ਰਤਾ ਨਾਂ ਡਰਦੇ,
ਕਹੇ ਕਵੀ "ਅਮਰੀਕ" ਧੀਆਂ ਨੂੰ ਸਮਝ ਨ ਗ਼ੈਰ,
ਹਰ ਵੇਲੇ ਪਰਦੇਸ ਵਿਚ ਧੀਆਂ ਮੰਗਣ ਖ਼ੈਰ ॥

ਧੀਆਂ ਧੰਨ ਬਿਗਾਨੜਾ, ਜਗ ਵਿਚ ਬਣੀ ਮਿਸਾਲ,
ਪੁੱਤ ਅਪਣਾਂ ਧੰਨ ਹੁੰਦਿਆਂ ਮੂਲ ਨ ਪੁੱਛਣ ਹਾਲ,
ਕਦੇ ਨ ਪੁੱਛਣ ਹਾਲ ਕਹਿਣ ਕਦ ਮਗਰੋਂ ਲੱਥੇ,
ਮਰੇ ਤਾਂ ਜਾਇਦਾਦ ਸਭ ਲੱਗੇਗੀ ਹੱਥੇ,
ਕਹੇ ਕਵੀ "ਅਮਰੀਕ" ਹੈ ਕੈਸੀ ਭੇਡਾਚਾਲ,
ਧੀਆਂ ਨਹੀਂ ਬਿਗਾਨੀਆਂ ਬਣੀ ਹੈ ਝੂਠ ਮਿਸਾਲ ॥



Sri Satguru Jagjit Singh Ji eLibrary NamdhariElibrary@gmail.com

ਧੀਆਂ ਧਰਮੀ ਮਾਪਿਆਂ ਦਿਤੀਆਂ ਦੂਰ ਵਿਆਹ,
ਕੋਠੇ ਚੜ੍ਹ ਚੜ੍ਹ ਵਿਹੰਦੀਆਂ ਨਿੱਤ ਵੀਰਾਂ ਦਾ ਰਾਹ,
ਨਿੱਤ ਵੀਰਾਂ ਦਾ ਰਾਹ ਯਾਦ ਵਿਚ ਪਲ ਪਲ ਲੰਘੇ,
ਵੀਰ ਆਇਆ ਦਿਲ ਧੜਕਦਾ, ਕੋਈ ਜਾਂ ਬੂਹੇ ਖੰਘੇ,
ਕਹੇ ਕਵੀ "ਅਮਰੀਕ" ਉਡੀਕਣ ਲੈਣ ਜਾਂ ਸਾਹ,
ਮਜਬੂਰੀ ਵਿਚ ਮਾਪਿਆਂ ਦਿਤੀਆਂ ਦੂਰ ਵਿਆਹ ॥

ਸਹੁਰੇ ਘਰ ਵਿਚ ਧੀਆਂ ਨੂੰ ਮਿਲਨ ਸਦੀਵੀ ਸੁੱਖ,
ਮਾਣਨ ਸੇਜਾ ਸਾਈਂ ਦੀ, ਕਦੇ ਨ ਲੱਗੇ ਦੁੱਖ,
ਕਦੇ ਨ ਲੱਗੇ ਦੁੱਖ, ਸਦਾ ਆਸੀਸਾਂ ਘੱਲਣ,
ਤੱਤੀ ਵਾ ਨਾਂ ਪੇਕਿਆਂ ਦੀ ਕਦੀ ਵੀ ਝੱਲਣ,
ਕਹੇ ਕਵੀ "ਅਮਰੀਕ" ਕਿਵੇਂ ਨ ਉੱਤਰੇ ਭੁੱਖ,
ਆਖਣ ਸ਼ਾਲਾ ਪੇਕਿਆਂ ਮਿਲਨ ਸਦੀਵੀ ਸੁਖ ।

ਸਹੁਰੇ ਮਹਿਲੀਂ ਵਸਦੀਆਂ ਧੀਆਂ ਯਾਦ ਰਖੱਨ,
ਢਾਰੇ ਪੇਕੇ ਘਰਾਂ ਦੇ ਜੀਂਦਿਆਂ ਨਹੀਂ ਭੁਲੱਨ,
ਜੀਂਦਿਆਂ ਨਹੀਂ ਭੁਲੱਨ ਰਾਣੀਆਂ ਬਣਨ ਉਹ ਚਾਹੇ,
ਗਲੀਆਂ ਪਿੰਡ ਦੀਆਂ ਯਾਦ ਕਰ ਰੋਵਨ ਹਰ ਸਾਹੇ,
ਕਹੇ ਕਵੀ "ਅਮਰੀਕ" ਸੁਣੋ ਗਲ ਖੋਲ ਕੇ ਕੰਨ,
ਧੀਆਂ ਪੇਕੇ ਆਪਣੇ ਹਰਦਮ ਯਾਦ ਕਰੱਨ ॥

ਧੀਆਂ ਮਰਨ ਤੋਂ ਬਾਦ ਵੀ ਏਹੀ ਆਸ ਕਰੱਨ,
ਵੀਰ ਹੀ ਅਰਥੀ ਓਸ ਦੀ ਮੋਢੇ ਆਣ ਚੁੱਕਣ,
ਮੋਢੇ ਆਣ ਚੁੱਕਣ ਤਾਂ ਰੂਹ ਨੂੰ ਮਿਲੇ ਤੱਸਲੀ,
ਸ਼ੁਕਰ ਹੈ ਵੀਰ ਦੇ ਮੋਢਿਆਂ ਤੇ ਅਜ ਮੈਂ ਚੱਲੀ,
ਕਹੇ ਕਵੀ "ਅਮਰੀਕ" ਇਹ ਮਨ ਵਿਚ ਭੇਤ ਪਾਲੱਨ,
ਖਫ਼ਨ ਪੇਕੇ ਘਰੋਂ ਹੀ ਮਿਲੇ ਇਹ ਆਸ ਕਰੱਨ ॥



Sri Satguru Jagjit Singh Ji eLibrary NamdhariElibrary@gmail.com

ਧੀਆਂ ਅਤੇ ਧਿਆਣੀਆਂ ਦਾ ਹੈ ਕਾਹਦਾ ਜ਼ੋਰ,
ਅਣ ਦੇਖੇ ਕਿਸੇ ਦੇਸ਼ ਨੂੰ ਦੇਵਨ ਮਾਪੇ ਤੋਰ,
ਦੇਵਨ ਮਾਪੇ ਤੋਰ ਫੇਰ ਵੀ ਦਾਗ਼ ਨ ਲਾਵਨ,
ਆਪਣੇ ਸਿਰ ਦੁੱਖ ਝਲਦੀਆਂ ਕਦੇ ਨ ਪਛਤਾਵਨ,
ਕਹੇ ਕਵੀ ਅਮਰੀਕ ਇਹ ਗੱਲ ਨ ਜਾਣਨ ਹੋਰ,
ਬਾਬਲ ਜਿੱਧਰ ਤੋਰਿਆ ਧੀਆਂ ਦਾ ਕੀਹ ਜ਼ੋਰ॥

ਧੀਆਂ ਧਰਤੀ ਵਾਂਗ ਹੀ ਸਹਿਣ ਸਦਾ ਸੰਤਾਪ,
ਫੇਰ ਵੀ ਪੇਕੇ ਘਰਾਂ ਦਾ ਨਿੱਤ ਨਿੱਤ ਕਰਦੀਆਂ ਜਾਪ,
ਨਿੱਤ ਨਿੱਤ ਕਰਦੀਆਂ ਜਾਪ ਕਦੇ ਵੀ ਸੀ ਨ ਬੋਲਣ,
ਪੇਕਿਆਂ ਅਗੇ ਦਿਲਾਂ ਦੇ ਕਦੀ ਭੇਤ ਨ ਖੋਲਣ,
ਕਹੇ ਕਵੀ ਅਮਰੀਕ ਸਭੀ ਕੁਝ ਝੱਲਣ ਆਪ,
ਆਪਣੇ ਤਨ ਤੇ ਮਨ ਉੱਤੇ, ਸਹਿਣ ਸਦਾ ਸੰਤਾਪ ॥

ਧੀਆਂ ਨੂੰ ਕੁਝ ਕਹਿ ਲਵੋ, ਊਜਾਂ ਲਾਓ ਅਨੇਕ,
ਗੁੱਸਾ ਨਹੀਂ ਹੰਢਾਂਦੀਆਂ, ਕੱਢ ਕੇ ਉੱਚੀ ਹੇਕ,
ਪੇਕੇ ਘਰ ਦੀ ਨਿੰਦਿਆਂ ਨ ਸੁਣਨ ਸੁਨਾਵਨ,
ਕੱਢ ਕੇ ਉੱਚੀ ਹੇਕ ਕਦੇ ਦਿਲ ਤੇ ਨ ਲਾਵਨ,
ਕਹੇ ਕਵੀ "ਅਮਰੀਕ" ਤੁਸੀਂ ਗਲ ਸੁਨਿਓ ਏਕ,
ਮਾਪਿਆਂ ਦੀ ਨਿੰਦਾ ਨ ਸਹਿਣ ਊਜਾਂ ਸਹਿਣ ਅਨੇਕ ॥

ਕਾਗ ਉਡਾਂਦੀ ਭੈਣ ਨੂੰ, ਦੂਰੋਂ ਦਿੱਸੀ ਧੂੜ,
ਕਹੇ ਕਿ ਵੀਰੇ ਆਉਣ ਦੀ ਗੱਲ ਨ ਨਿਕਲੇ ਕੂੜ,
ਗਲ ਨ ਨਿਕਲੇ ਕੂੜ ਮੈਂ ਸੁੱਖਾਂ ਸੌ ਸੌ ਸੁੱਖਾਂ,
ਦੀਦ ਤੇਰੀ ਸੁਣ ਵੀਰਨਾਂ ਪਾਣੀ ਜਿਓਂ ਰੁੱਖਾਂ,
ਕਹੇ ਕਵੀ "ਅਮਰੀਕ" ਬਾਤ ਹੈ ਬਹੁਤ ਹੀ ਗੂੜ੍ਹ,
ਤਨ ਮਨ ਰਸ ਰਸ ਭੈਣ ਦਾ ਦਿੱਸੀ ਜਾਂ ਦੂਰੋਂ ਧੂੜ ।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਕੁਝ ਦਿਨਾਂ ਦੀ ਹੈ ਬਾਤ ਪਿਆਰੇ

ਕੁਝ ਦਿਨਾਂ ਦੀ ਹੈ ਬਾਤ ਪਿਆਰੇ, ਹੋ ਜਾਵਨਗੇ ਦੂਰ ਤਿਆਰ,
ਧੁਰੋਂ ਆ ਗਿਆ ਜਦੋਂ ਸੁਨੇਹਾ, ਫੇਰ ਬਹਾਨਾ ਹੋਣਾ ਕੇਹਾ ।
ਆਵੇਗਾ ਜਦ ਸੁਆਸ ਅਖ਼ੀਰੀ ਮੁੱਕੀ ਜਗ ਤੋਂ ਜਦੋਂ ਪੰਜੀਰੀ,
ਸੁਖ ਦੀ ਨੀਂਦ ਮੈਂ ਸੌ ਜਾਵਾਂਗਾ, ਕੁਝ ਵੀ ਫਿਰ ਨ ਕਰ ਪਾਵਾਂਗਾ ॥

ਦੋਸਤ ਦੁਸ਼ਮਣ ਸਭੀ ਬਰਾਬਰ, ਹੋ ਜਾਵਾਂਗਾ ਸਭ ਤੋਂ ਨਾਬਰ,
ਲੈਣ ਦੇਣ ਮੁੱਕਣਗੇ ਸਾਰੇ, ਫੁੱਟ ਜਾਵਨਗੇ ਸਭੀ ਕਿਨਾਰੇ,
ਲੱਗੇਗਾ ਨ ਸੇਕ ਅੱਗ ਦਾ, ਡਰ ਨ ਰਹੇ ਗਾ ਚੋਰ ਠੱਗ ਦਾ,
ਦੁੱਖ ਦਰਦ ਸਭ ਦੂਰ ਹੋਣਗੇ, ਸੁਖ ਸਾਰੇ ਕਾਫ਼ੂਰ ਹੋਣਗੇ ॥

ਕੀਹ ਮੈਨੂੰ ਕੋਈ ਆਵੇ ਜਾਵੇ, ਕੀਹ ਮੈਨੂੰ ਕੋਈ ਭਰੇ ਜੇ ਹਾਵੇ,
ਕੀਹ ਮੈਨੂੰ ਕੋਈ ਚੰਗਾ ਆਖੇ, ਕੀਹ ਡਰ ਹੈ ਜੇ ਮੰਦਾ ਆਖੇ,
ਫਰਕ ਨਹੀਂ ਜੇ ਅੱਗ ਵਿਚ ਸਾੜੇ, ਕਬਰ ਪੁੱਟਣ ਦੇ ਕਰਨ ਪੁਆੜੇ,
ਹੱਡੀਆਂ ਨੂੰ ਹਰੀ ਦੁਆਰ ਪੁਚਾਵਨ ਜਾਂ ਨਹਿਰੇ ਹੀ ਜਾ ਸੁੱਟ ਆਵਨ ॥

ਚੌਥਾ ਕਰਨ ਜਾਂ ਕਰਨ ਦੁਸਹਿਰਾ ਸੱਦ ਬਹਾਵਨ ਐਰਾ ਗ਼ੈਰਾ,
ਭੋਗ ਪੁਆਨ ਜਾਂ ਜਗ ਕਰਾਵਨ, ਨੱਕ ਰਖਣ ਲਈ ਪਿੰਡ ਭਰਾਵਨ,
ਮੈਨੂੰ ਇਸ ਦਾ ਲਾਭ ਨ ਕੋਈ, ਮਿਲਨਾਂ ਨਹੀਂ ਹਿਸਾਬ ਹੈ ਕੋਈ,
ਸੱਦ ਸ਼ਰੀਕਾਂ ਬੈਠਣ ਸਾਰੇ, ਜਾਂ ਹੋ ਜਾਵਨ ਆਪ ਮੁਹਾਰੇ ॥



Sri Satguru Jagjit Singh Ji eLibrary NamdhariElibrary@gmail.com

ਕੁਝ ਵੀ ਨਾ ਮਹਿਸੂਸ ਕਰਾਂਗਾ, ਨ ਸਭ ਨ ਮਨਹੂਸ ਕਹਾਂਗਾ,
ਕੋਈ ਕਹੇ ਗਾ ਚੰਗਾ ਸੀ ਉਹ, ਕਹਿਣਗੇ ਕਈ ਬੇਢੰਗਾ ਸੀ ਉਹ,
ਕੁਝ ਮੇਰੀ ਰੱਜ ਸਿਫ਼ਤ ਕਰਨਗੇ, ਝੂਠੇ ਹੌਕੇ ਕਈ ਭਰਨਗੇ,
ਕਈ ਕਹਿਣਗੇ ਚੰਗਾ ਹੋਇਆ, ਪਹਿਲਾਂ ਕਿਓਂ ਨਾਂ ਇਹ ਹੈ ਮੋਇਆ ॥

ਮੈਨੂੰ ਕੀਹ ਮੈਂ ਤਾਂ ਤੁਰ ਜਾਣਾਂ, ਮੈਂ ਕਿਹੜਾ ਫਿਰ ਵੇਖਣ ਆਣਾਂ,
ਰੂਹ ਮੇਰੀ ਤਾਂ ਉੱਡ ਜਾਏਗੀ, ਮਿੱਟੀ ਦੀ ਮੁੱਠ ਰਹਿ ਜਾਏਗੀ ।
ਕੀਤੀ ਕੋਈ ਜੇ ਭਲਿਆਈ, ਇਹ ਹੀ ਹੈ ਬੱਸ ਅਸਲ ਕਮਾਈ,
ਏਥੇ ਰਹੇ ਨ ਰਾਜੇ ਰਾਣੇ, ਨੇਕ ਐਮਾਲ ਹੀ ਨਾਲ ਨੇ ਜਾਣੇ ।

ਭਲਾ ਕੰਮ ਜੇ ਕੀਤਾ ਕੋਈ, ਏਥੇ ਓਥੇ ਮਿਲੇਗੀ ਢੋਈ,
ਨੇਕੀ ਕਰ ਅਮਰੀਕ ਦੀਵਾਨੇ, ਨਾਮ ਰਹੇਗਾ ਵਿਚ ਜ਼ਮਾਨੇ ॥

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਪਤਨੀ ਪੇਕੇ ਚੱਲੀ

ਸੁਣਐ ਪਤਨੀ ਪੇਕੇ ਚੱਲੀ, ਦਿਲ ਨੂੰ ਹੋਈ ਬੜੀ ਤੱਸਲੀ,
ਪੁੱਛਿਆ ਚਿਰ ਕਿੰਨਾ ਕ ਰਹਿਣੈ, ਕਿੰਨਾਂ ਚਿਰ ਤੁਸਾਂ ਮਗਰੋਂ ਲਹਿਣੈ,
ਕਿਹਾ ਕਿ ਜਾਣੈ ਦਿਨ ਦੋ ਚਾਰ, ਆ ਜਾਵਾਂਗੀ ਮੰਗਲਵਾਰ,
ਸੁਣ ਕੇ ਹੋਇਆ ਹਾਂ ਗ਼ਮਗੀਨ, ਸੋਚ ਮੇਰੀ ਹੋਈ ਬਲਹੀਣ ।

ਕਿਹਾ ਮੈਂ ਰੱਜ ਕੇ ਰਹਿ ਆਇਆ ਜੇ, ਸਭ ਨੂੰ ਪਿਆਰ ਆਇਆ ਜੇ ਦੇ ਕੇ,
ਕੁਝ ਦਿਨ ਮੈਨੂੰ ਵੀ ਸਾਹ ਆਵੇ, ਰੀਝ ਮੇਰੀ ਪੂਰੀ ਹੋ ਜਾਵੇ,
ਕੁਝ ਦਿਨ ਮੈਂ ਆਜ਼ਾਦ ਰਹਾਂਗਾ, ਗੂੜ੍ਹੀ ਨੀਂਦੇ ਜਦੋਂ ਸਵਾਂਗਾ,
ਨ ਕੋਈ ਮੈਨੂੰ ਰੋਕ ਸਕੇਗਾ, ਕਿਸੇ ਗਲੋਂ ਨ ਟੋਕ ਸਕੇਗਾ।

ਮਨ ਮਰਜ਼ੀ ਦਾ ਮੈਂ ਖਾਵਾਂਗਾ, ਜਿੱਧਰ ਜੀ ਆਇਆ ਜਾਵਾਂਗਾ,
ਕੋਈ ਨ ਹੋਵੇਗੀ ਮਜਬੂਰੀ, ਮੰਨਣਾ ਹੁਕਮ ਨ ਹੋਊ ਜ਼ਰੂਰੀ,
ਕੀਹ ਕੀਤਾ ਏ ਕਿਓਂ ਕੀਤਾ ਜੇ? ਕੀ ਖਾਧਾ ਜੇ ਕੀਹ ਪੀਤਾ ਜੇ?
ਕਿਸੇ ਨਹੀ ਕਹਿਣਾਂ ਕਿਓਂ ਹਸਦਾ ਹੈਂ, ਦਿਲ ਦਾ ਭੇਤ ਨ ਕਿਓ ਦੱਸਦਾ ਹੈਂ।

ਲੋਕ ਪੁੱਛਣਗੇ ਬੜਾ ਹੀ ਖ਼ੁਸ਼ ਹੈਂ, ਰਹਿੰਦਾ ਹਰ ਵੇਲੇ ਤੂੰ ਠੁੱਸ ਸੈਂ,
ਕਹਾਂਗਾ ਪਤਨੀ ਗਈ ਏ ਪੇਕੇ, ਕੁਝ ਦਿਨ ਮੈਨੂੰ ਛੁਟੀਆਂ ਦੇ ਕੇ,
ਅੱਜ ਕਲ ਛੁਟੀਆਂ ਮਾਣ ਰਿਹਾਂ ਹਾਂ, ਰਹਿ ਤਾਂ ਹੀ ਵਿਚ ਸ਼ਾਨ ਰਿਹਾਂ ਹਾਂ,
ਆਖਣਗੇ ਹੈਂ ਕਿਸਮਤ ਵਾਲਾ, ਅਸੀਂ ਵੀ ਕਰਦੇ ਹਾਂ ਉਪਰਾਲਾ।

ਸੱਭੇ ਪਤਨੀਆਂ ਪੇਕੇ ਜਾਵਨ, ਚੋਖੇ ਦਿਨ ਉਹ ਮੁੜ ਨ ਆਵਨ,
ਸਾਰੇ ਰਲ ਕੇ ਐਸ਼ਾਂ ਕਰੀਏ, ਕੁਝ ਦਿਨ ਤਾਂ ਨ ਡਰ ਡਰ ਮਰੀਏ,
ਕੱਲਾ ਛੁਟੀਆਂ ਮਾਣ ਰਿਹਾ ਏਂ, ਸਾਨੂੰ ਕਿਓਂ ਤਰਸਾਣ ਡਿਹਾ ਏਂ,
ਇਹ ਸਾਰਾ ਕੁਝ ਸੋਚ ਰਿਹਾ ਸਾਂ, ਕਦ ਜਾਵੇਗੀ ਲੋਚ ਰਿਹਾ ਸਾਂ ॥



Sri Satguru Jagjit Singh Ji eLibrary NamdhariElibrary@gmail.com

ਪਤਨੀ ਬੈਗ ਮੇਜ਼ ਤੇ ਸੁੱਟ ਕੇ, ਕਹਿਣ ਲਗੀ ਨਹੀਂ ਜਾਣਾਂ ਪੇਕੇ,
ਬਿਨਾਂ ਤੁਹਾਡੇ ਜੀ ਨਹੀਂ ਲੱਗਣਾ, ਦੂਜੇ ਦਿਨ ਫਿਰ ਵਾਪਸ ਭੱਜਣਾਂ,
ਕੋਲ ਤੁਹਾਡੇ ਰਹੂੰ ਹਮੇਸ਼ਾ, ਦੁਖ ਸੁਖ ਸਾਰੇ ਸਹੂੰ ਹਮੇਸ਼ਾ,
ਪੇਕੇ ਹੈ ਨ ਪਿਤਾ ਨ ਮਾਤਾ, ਬਿਨਾਂ ਮਾਪਿਆਂ ਕਿਸ ਹੈ ਜਾਤਾ ।

ਭਾਈਆਂ ਦਾ ਤਾਂ ਕੇਵਲ ਮਾਣੇ, ਕੀਹ ਪਤਾ ਜਾਣੇ ਨ ਜਾਣੇ,
ਸੁਣ ਆਸਾਂ ਤੇ ਪਾਣੀ ਫਿਰਿਆ, ਹੋਰ ਦੁੱਖਾਂ ਵਿਚ ਮੈਂ ਸਾਂ ਘਿਰਿਆ,
ਟੁੱਟ ਗਏ ਸਪਨੇ ਸਾਰੇ ਮੇਰੇ, ਬੈਠ ਗਿਆ ਕਰ ਪੱਕੇ ਜੇਰੇ,
ਹੁਕਮ ਹੋਇਆ ਕੀਹ ਸੋਚ ਰਹੇ ਓ, ਕਿਹੜੀਆਂ ਗੀਟੀਆਂ ਬੋਚ ਰਹੇ ਓ ।

ਉਠ ਕੇ ਛੇਤੀ ਕਪੜੇ ਲਾਹੋ, ਦੂਜੇ ਪਾ ਕੇ ਕੰਮ ਤੇ ਜਾਓ,
ਉਠਿਆ ਫਿਰ "ਅਮਰੀਕ" ਵਿਚਾਰਾ, ਏਸ ਬਿਨਾਂ ਕੀ ਹੋਰ ਸੀ ਚਾਰਾ ।

* * * * *



Sri Satguru Jagjit Singh Ji eLibrary NamdhariElibrary@gmail.com

# ਬੇੜਾ ਬੰਨੇ ਲਾਵਣਾਂ

ਮੁਸ਼ਕਲਾਂ ਦਾ ਆਓ ਰਲ ਮਿਲ ਕੇ ਹੀ ਕਰੀਏ ਸਾਹਮਣਾਂ,
ਡਿੱਗਿਆਂ ਹੋਇਆ ਨੂੰ ਆਓ ਸਭ ਹੀ ਸਿੱਖੀਏ ਥਾਮਣਾ ॥

ਆਪਣੇ ਹੀ ਘੇਰੇ ਚ' ਰਹਿ ਕੇ ਹੀ ਨ ਜੀਵਨ ਬੀਤ ਜੈ,
ਦੂਜਿਆਂ ਦੇ ਸੁਖ ਦੀ ਵੀ ਕਰੀਏ ਕਦੀ ਤਾਂ ਕਾਮਨਾਂ ॥

ਕੰਮ ਨ ਕਰੀਏ, ਭਲਾਈ ਜਿਸ ਦੇ ਵਿਚ ਸਭ ਦੀ ਨਹੀਂ,
ਨਿੱਜੀ ਹਿਤ ਦੀ ਹੀ ਨਾਂ ਰਖੀਏ, ਮਨਾਂ ਦੇ ਵਿਚ ਭਾਵਣਾ ॥

ਜਿਸ ਦੇ ਵਿਚ ਆਪਣਾ ਕੋਈ ਨੁਕਸਾਨ ਹੈ ਤਾਂ ਡਰ ਨਹੀਂ,
ਉਹ ਕਰੋ ਲੋਕਾਂ ਦੇ ਹਿਤ ਦੀ ਹੈ ਕੋਈ ਸੰਭਾਵਣਾ ॥

ਬੇਈਮਾਨੀ ਤੇ ਘੁਟਾਲੇ ਕਰਨ, ਉਹ ਬਦਚਲਨ ਨੇ,
ਨਾਲ ਕੁਝ ਜਾਣਾਂ ਨਹੀਂ ਉਹਨਾਂ ਨੂੰ ਹੈ ਸਮਝਾਵਣਾਂ ॥

ਅਪਣੇ ਘਰ ਨੂੰ ਆਪ ਲੁਟ ਕੇ ਖ਼ੁਸ਼ ਨੇ ਜਿਹੜੇ ਹੋ ਰਹੇ,
ਜਾ ਕੇ ਆਖੋ ਜ਼ਹਿਰ ਦਾ ਪੀਵੋ ਇਹ ਹਥੀਂ ਜਾਮਨ ॥

ਅੱਜ ਵੀ ਤਾਂ ਸਰਦੀ ਤੇ ਗਰਮੀ ਸਿਰਾਂ ਤੇ ਨੇ ਝੱਲ ਰਹੇ,
ਮਸਲਾ ਹੈ ਗੰਭੀਰ ਇਸ ਨੂੰ ਕਿਸ ਤਰਾਂ ਸੁਲਝਾਵਣਾ ॥

ਤੂ ੰ ਵੀ ਤਾਂ "ਅਮਰੀਕ" ਨਿਰੀਆਂ ਗੱਲਾਂ ਹੀ ਹੈ ਕਰ ਰਿਹਾ,
ਫੋਕੀਆਂ ਗੱਲਾਂ ਨੇ ਕਿੰਜ ਬੇੜਾ ਹੈ ਬੰਨੇ ਲਾਵਣਾ ॥

* * * * *



Sri Satguru Jagjit Singh Ji eLibrary NamdhariElibrary@gmail.com

# ਹਰ ਸਮਾਂ ਚੰਗਾ ਨਹੀਂ ਹੁੰਦਾ

ਕਿਸੇ ਦੀ ਜ਼ਿੰਦਗੀ ਦਾ ਹਰ ਸਮਾਂ ਚੰਗਾ ਨਹੀਂ ਹੁੰਦਾ,
ਹਮੇਸ਼ਾ ਹੀ ਕਿਸੇ ਦਾ ਵਕਤ ਬੇਢੰਗਾ ਨਹੀਂ ਹੁੰਦਾ ॥

ਹਰਿਕ ਇਨਸਾਨ ਅਪਣੇ ਨੁਕਸ ਹਰਦਮ ਹੀ ਛੁਪਾਂਦਾ ਏ,
ਕੋਈ ਬੰਦਾ ਕਿਸੇ ਦੇ ਸਾਹਮਣੇ ਨੰਗਾ ਨਹੀਂ ਹੁੰਦਾ ॥

ਕਿਤੇ ਜੇ ਅਣਖ ਦੀ ਖ਼ਾਤਰ ਲੜਾਈ ਗਲ ਹੀ ਪੈ ਜਾਏ,
ਤਾਂ ਲੜਨਾਂ ਠੀਕ ਹੀ ਸਮਝੋ ਨਿਰਾ ਪੰਗਾ ਨਹੀਂ ਹੁੰਦਾ ॥

ਕਿਸੇ ਦੇ ਨਾਲ ਗੱਲਾਂ ਵਿਚ ਕਿਤੇ ਜੇ ਝਗੜ ਹੀ ਪਈਏ,
ਜੇ ਦੋਵੇਂ ਚੁੱਪ ਕਰ ਜਾਵਨ ਤਾਂ ਫਿਰ ਦੰਗਾ ਨਹੀਂ ਹੁੰਦਾ ॥

ਸ਼ਮਾਂ ਨੂੰ ਵੇਖ ਕੇ ਜੋ ਸੜ ਮਰਨ ਤੋਂ ਸਹਿਮ ਜਾਂਦਾ ਏ,
ਉਹ ਤਾਂ ਇਕ ਆਮ ਕੀੜਾ ਹੈ ਪਤੰਗਾ ਉਹ ਨਹੀਂ ਹੁੰਦਾ ॥

ਕਦੀ ਜੇ ਉਲਝਦੈ ਮਸਲਾ ਤਾਂ ਉਸਦੀ ਤਹਿ ਤਕ ਅਪੜੋ,
ਕੋਈ ਮਸਲਾ ਵੀ ਐ "ਅਮਰੀਕ" ਇਕ ਅੰਗਾ ਨਹੀਂ ਹੁੰਦਾ ॥

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਸੋਨਾਂ ਕੌਣ ਖਲਾਰ ਗਿਆ

ਹਰਿਆਂ ਖੇਤਾਂ ਵਿਚ ਇਹ ਸੋਨਾ ਕੌਣ ਖਲਾਰ ਗਿਆ,
ਸਾਰੇ ਜਗ ਦੇ ਤੋਸੇ ਦਾ ਕੋਈ ਛੱਟਾ ਮਾਰ ਗਿਆ ॥

ਇੰਜ ਲਗਦੈ ਹੁਣ ਭੁੱਖਾ ਕਿਸੇ ਨ ਰਹਿ ਜਾਣਾਂ,
ਭੁਖ ਮਰੀ ਦਾ ਫ਼ਿਕਰ ਸਭਸ ਦੇ ਮਨੋਂ ਉਤਾਰ ਗਿਆ ॥

ਸਿੱਟਿਆਂ ਵਿਚੋਂ ਅਜ ਪੈ ਦਾਣੇ ਝਾਤੀ ਮਾਰ ਦੇ ਨੇ,
ਵੇਖ ਜਿੰਨ੍ਹਾਂ ਨੂੰ ਸਾਰਾ ਜਗ ਹੈ ਬਦਲ ਨੁਹਾਰ ਗਿਆ ॥

ਚਾਵਾਂ ਦੇ ਵਿਚ ਬੜੇ ਕਿਸਾਨਾਂ ਭੰਗੜੇ ਪਾਏ ਨੇ,
ਜੀਕਰ ਕੋਈ ਇਹਨਾਂ ਦਾ ਹੈ ਜਨਮ ਸੁਆਰ ਗਿਆ ॥

ਹਰ ਬੰਦੇ ਦੇ ਚਿਹਰੇ ਉੱਤੇ ਖੁਸ਼ੀਆਂ ਡਲ੍ਹਕ ਰਹੀਆਂ,
ਕੌਣ ਗ਼ਮਾਂ ਨੂੰ ਆਂਗਣ ਵਿਚੋਂ ਜਮਾਂ ਬੁਹਾਰ ਗਿਆ ॥

ਜਾਪਦਾ ਏ ਰੱਬ ਮਿਹਰਬਾਨ ਅਜ ਪੂਰਾ ਹੋਇਆ ਏ,
ਜਗ ਨੂੰ ਸ਼ਰਬਤੀ ਕਣਕ ਦਾ ਦੇ ਕੇ ਵੱਡ ਉਪਹਾਰ ਗਿਆ ॥

ਸ਼ਾਲਾ ਸਭ ਨੂੰ ਢਿੱਡ ਭਰ ਖਾਣ ਨੂੰ ਵਾਫ਼ਰ ਕਣਕ ਮਿਲੇ,
ਤਨੋਂ ਮਨ ਅਮਰੀਕ ਅਜੇਹੀ ਅਰਜ਼ ਗੁਜ਼ਾਰ ਗਿਆ ॥

* * * * *



Sri Satguru Jagjit Singh Ji eLibrary NamdhariElibrary@gmail.com

# ਚੁੰਨੀ ਸੰਭਾਲ ਧੀਏ

ਚੂੰਨੀ ਸੰਭਾਲ ਨੀ ਧੀਏ, ਚੁੰਨੀ ਸੰਭਾਲ ਨੀ,
ਫੈਸ਼ਨ ਨੇ ਕੀਤਾ ਇਸ ਦਾ ਅਤਿ ਮੰਦਾ ਹਾਲ ਨੀ ।

ਕਦੀ ਤਾਂ ਚੁੰਨੀ ਹੁੰਦੀ ਸਿਰ ਦਾ ਸ਼ਿੰਗਾਰ ਸੀ,
ਲਹਿ ਜਾਂਦੀ ਸਿਰੋਂ ਤਾਂ ਹੁੰਦੀ ਇੱਜ਼ਤ ਖੁਆਰ ਸੀ,
ਤੇਰਵਾਂ ਤਾਲ ਹੈ ਹੋਇਆ ਚੁੰਨੀ ਦੇ ਨਾਲ ਨੀ ।

ਸਿਰ ਦਾ ਜਾਂ ਸਾਈਂ ਤੁਰ ਜੈ ਚੁੰਨੀ ਤਾਂ ਲਹਿੰਦੀ ਸੀ,
ਖੋਲ ਕੇ ਵਾਲ ਆਪਣੇ ਵਿਧਵਾ ਹੋ ਬਹਿੰਦੀ ਸੀ,
ਸਿਰ ਮੁੰਨੀ ਸਿਰੋਂ ਨੰਗੀ ਦੀ ਹੁੰਦੀ ਇਕ ਗਾਲ ਨੀ ।

ਸਿਰ ਤੋਂ ਅੱਜ ਸੱਭੇ ਨੰਗੀਆਂ ਧੀਆਂ ਤੇ ਭੈਣਾਂ ਨੇ,
ਕਿਹੜੀ ਸੁਹਾਗਣ ਕਿਸ ਨੂੰ ਵਿਧਵਾ ਅੱਜ ਕਹਿਣਾ ਏ,
ਸਭਨਾਂ ਨੇ ਖੋਲ੍ਹ ਕੇ ਪਾਏ ਗਲ ਵਿਚ ਅੱਜ ਵਾਲ ਨੀ ।

ਉਂਜ ਤਾਂ ਹਰ ਅੰਗ ਅਸਾਡਾ ਬਹੁਤਾ ਜ਼ਰੂਰੀ ਏ,
ਸਿਰ ਪਰ ਸਿਰ ਮੌਰ ਹੈ ਇਸ ਬਿਨ ਦੇਹੀ ਅਧੂਰੀ ਏ,
ਸਿਰ ਤਾਂ ਹੈ ਨੰਗਾ ਸਭ ਦਾ ਹੋਈ ਕਮਾਲ ਨੀ ।



Sri Satguru Jagjit Singh Ji eLibrary NamdhariElibrary@gmail.com

ਦੁਨੀਆ ਦੇ ਸਾਰੇ ਕੱਪੜੇ ਹਰ ਅੰਗ ਲਈ ਬਣਦੇ ਨੇ,
ਪੈਂਟਾ ਕਮੀਜਾਂ ਤੇ ਪਾਜਾਮੇ ਸਭ ਬਣਦੇ ਨੇ,
ਸਿਰ ਨੂੰ ਜੋ ਰਾਜੈ ਦੇਹ ਦਾ ਆਇਆ ਜ਼ੁਵਾਲ ਨੀ ।

ਸਿਰ ਤੋਂ ਜਾਂ ਢਿਲਕੀ ਚੁੰਨੀ ਮੋਢੇ ਤੇ ਆ ਗਈ,
ਮੋਢੇ ਤੋਂ ਹੁਣ ਬੇ-ਚਾਰੀ ਘਰ ਵਿਚ ਸਮਾ ਗਈ,
ਸ਼ਰਮ ਹੱਯਾ ਦਾ ਦਿੱਤਾ ਤੋੜ ਇਹ ਜਾਲ ਨੀ ।

ਕਾਹਦੀ ਆਜ਼ਾਦੀ ਏ ਜੋ ਇੱਜਤ ਬਚਾਂਦੀ ਨਹੀਂ,
ਲਾਹਨਤ ਪੋਸ਼ਾਕ ਨੂੰ ਜਿਹੜੀ ਦੇਹੀ ਢਕ ਪਾਂਦੀ ਨਹੀਂ,
ਵਿਰਸਾ ਪੁਰਾਣਾ ਉੱਕਾ ਹੋਇਆ ਪਾਇਮਾਲ ਨੀ ।

ਕਹੇ "ਅਮਰੀਕ" ਆਇਆ ਕੈਸਾ ਜ਼ਮਾਨਾ ਏ,
ਨੰਗੇ ਸਿਰ ਫਿਰਦੀ ਦੁਨੀਆ ਕਿਸ ਨੇ ਸਮਝਾਣਾ ਏ,
ਕੌਣ ਸਮਝਾਵੇ ਭੁਲੇ ਸਾਰੇ ਸੁਰ ਤਾਲ ਨੀ ।

* * * * *



Sri Satguru Jagjit Singh Ji eLibrary NamdhariElibrary@gmail.com

# ਮਾਵਾਂ

ਧੰਨ ਧੰਨ ਨੇ ਉਹਨਾਂ ਦੀਆਂ ਮਾਵਾਂ, ਜਿੰਨਾਂ ਦੇ ਪੁੱਤ ਸੀਸ ਵਾਰਦੇ,
ਕਿਦ੍ਹੇ ਨਾਲ ਦੱਸੋ ਦਿਆਂ ਉਪਮਾਵਾਂ, ਜਿੰਨ੍ਹਾਂ ਦੇ ਪੁੱਤ ਸੀਸ ਵਾਰਦੇ ।

ਮਾਵਾਂ ਹੀ ਤੇ ਪੁੱਤਰਾਂ ਨੂੰ ਸੂਰਮੇ ਬਣਾਂਦੀਆਂ,
ਉਹਨਾਂ ਨੂੰ ਬਹਾਦਰਾਂ ਦੀ ਕਥਾ ਨੇ ਸੁਨਾਦੀਆਂ,
ਹੱਥੀ ਕਰਦੀਆਂ ਪੁੱਤਰਾਂ ਤੇ ਛਾਵਾਂ, ਜਿਨ੍ਹਾਂ ਦੇ ਪੁੱਤ......।

ਮਾਵਾਂ ਨੇ ਹੀ ਪੁੱਤਰਾਂ ਨੂੰ ਜੰਗਾਂ ਵਿਚ ਘੱਲਿਆ,
ਜਿਨ੍ਹਾਂ ਜਾ ਕੇ ਵੈਰੀਆਂ ਨੂੰ ਖੂਬ ਸੀ ਦਬੱਲਿਆ,
ਆਪ ਦੱਸਦੀਆਂ ਮੌਤ ਸਿਰਨਾਵਾਂ, ਜਿਨ੍ਹਾਂ ਦੇ ਪੁੱਤ......।

ਅਣਖ ਪਿਛੇ ਮਾਵਾਂ ਹੀ ਤੇ ਮਰਨਾਂ ਲਿਖਾਂਦੀਆਂ,
ਸਿਹਰਾ ਬੰਨ੍ਹ ਮੌਤ ਵਾਲੀ ਘੋੜੀ ਤੇ ਬਿਠਾਂਦੀਆਂ,
ਆਪ ਪੜ੍ਹਦੀਆਂ ਮੌਤ ਦੀਆਂ ਲਾਵਾਂ, ਜਿਨ੍ਹਾਂ ਦੇ ਪੁੱਤ......।

ਕਹਿਣ ਮੇਰੇ ਪੁਤਰੋ! ਨਹੀਂ ਜ਼ੁਲਮ ਅੱਗੇ ਝੁਕਣਾਂ,
ਲੋਭਾਂ ਅਤੇ ਲਾਲਚਾਂ ਤੇ ਵਾਰ ਵਾਰ ਥੁੱਕਣਾਂ,
ਸਿਰ ਪਵੇ ਮਨ ਰਖਦੀਆਂ ਸਾਵਾਂ, ਜਿਨ੍ਹਾਂ ਦੇ ਪੁੱਤ......।



Sri Satguru Jagjit Singh Ji eLibrary NamdhariElibrary@gmail.com

ਪੁੱਤਰਾਂ ਦੇ ਟੋਟੇ ਕਰ ਗਲਾਂ ਚ' ਪੁਆਂਦੀਆਂ,
ਹਾਰ ਪਾ ਕੇ ਬੋਟੀਆਂ ਦੇ ਸ਼ੁਕਰ ਮਨਾਂਦੀਆਂ,
ਮਾਵਾਂ ਐਸੀਆਂ ਨੂੰ ਸੀਸ ਮੈਂ ਝੁਕਾਵਾਂ, ਜਿਨ੍ਹਾਂ ਦੇ ਪੁੱਤ......।

ਮੇਰੀ ਉਹਨਾਂ ਮਾਵਾਂ ਤਾਈਂ ਲਖ ਪ੍ਰਣਾਮ ਏ,
ਪੁੱਤਰਾਂ ਦੀਆਂ ਬਲੀਆਂ ਦਿੱਤੀਆਂ ਉੱਚਾ ਅੱਜ ਨਾਮ ਏ,
ਲੱਖ ਲੱਖ ਵਾਰ ਵਾਰਨੇ ਮੈਂ ਜਾਵਾਂ, ਜਿਨ੍ਹਾਂ ਦੇ ਪੁੱਤ......।

ਅਜ ਦੀਆਂ ਮਾਵਾਂ ਉੱਤੇ ਬੜਾ ਅਫ਼ਸੋਸ ਏ,
ਪੁੱਤਰਾਂ ਨੂੰ ਕਾਇਰ ਬਣਾਨ ਵਾਲਾ ਦੋਸ਼ ਏ,
ਖਰੀ ਖਰੀ ਗੱਲ ਅੱਜ ਮੈਂ ਸੁਨਾਵਾਂ, ਜਿਨ੍ਹਾਂ ਦੇ ਪੁੱਤ......।

ਅੱਜ ਦੀ ਔਲਾਦ ਕਿਹੜੇ ਪਾਸੇ ਨੂੰ ਹੈ ਜਾ ਰਹੀ,
ਅੱਜ ਦੀ ਮਾਂ ਪੁੱਤਰਾਂ ਨੂੰ ਉਲਟਾ ਸਿਖਾ ਰਹੀ,
ਕਿਵੇਂ ਦੱਸ "ਅਮਰੀਕ" ਸਮਝਾਵਾਂ, ਜਿਨ੍ਹਾਂ ਦੇ ਪੁੱਤ......।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਮਾਂ

ਮਾਵਾਂ ਬਾਝੋਂ ਠੰਢੀਆਂ ਛਾਵਾਂ ਕੌਣ ਕਰੇ ।
ਬਿਨ ਗ਼ਰਜ਼ਾਂ ਦੇ ਦੁਖੜੇ ਸਭਦੇ ਕੌਣ ਹਰੇ ॥

ਗ਼ਰਜ਼ ਵਾਸ਼ਤੇ ਪੁੱਤਰ ਮਾਂ ਨੂੰ ਮਾਰ ਦਵੇ,
ਫੇਰ ਵੀ ਮਾਂ ਅਸੀਸਾਂ ਦਾ ਉਪਹਾਰ ਦਵੇ,
ਪੁਤਰਾਂ ਧੀਆਂ ਲਈ ਮੁਸੀਬਤ ਕੋਣ ਜਰੇ ।

ਮਾਨਵਤਾ ਲਈ ਲੱਖ ਤਸੀਹੇ ਸਹਿੰਦੀ ਏ,
ਭੱਜੀ ਫਿਰਦੀ ਕਦੇ ਵੀ ਟਿਕ ਨ ਬਹਿੰਦੀ ਏ,
ਬੱਚਿਆਂ ਖ਼ਾਤਰ ਨੈਂ ਦੁਖਾਂ ਦੀ ਕੌਣ ਤਰੇ ।

ਅਜ ਤਕ ਜੋ ਵੀ ਜੰਮਿਆਂ ਮਾਂ ਹੀ ਜੰਮਿਆ ਏ,
ਸਾਰੀ ਦੁਨਿਆ ਦਾ ਦੁਖ ਏਸੇ ਥੰਮਿਆ ਏ,
ਮਾਂ ਬਣਕੇ ਮੀਂਹ ਵਾਂਗੂ ਦੱਸੋ ਕੌਣ ਵਰ੍ਹੇ ।

ਜੀਵਨ ਦਾਨ ਹੈ ਕਰਦੀ ਮਾਂ ਔਲਾਦ ਲਈ,
ਮੌਤੋਂ ਵੀ ਨ ਡਰਦੀ ਮਾਂ ਔਲਾਦ ਲਈ,
ਨਾਲ ਅਸੀਸਾਂ ਝੋਲੀ ਸਭ ਦੀ ਕੌਣ ਭਰੇ ।

ਉਹ ਅਮਰੀਕ ਇਨਸਾਨ ਬੜੇ ਨਾ-ਸ਼ੁਕਰੇ ਨੇ,
ਜੋ ਮਾਵਾਂ ਦਾ ਮਾਨ ਕਰਨ ਤੋਂ ਮੁਕਰੇ ਨੇ,
ਮਾਂ ਬਿਨ ਠੰਢੇ ਚਸ਼ਮੇ ਵਾਂਗੂ ਕੌਣ ਝਰੇ ।

* * * * *



Sri Satguru Jagjit Singh Ji eLibrary NamdhariElibrary@gmail.com

# ਅੜੀਏ ਹੁਣ ਨ ਪੇਕੇ ਜਾ

ਅੜੀਏ ਅਜ ਨ ਪੇਕੇ ਜਾ, ਤਰੱਲੇ ਜਾਣ ਦੀ ਛਡ ਸਲਾਹ,
ਪੇਕੇ ਜੇ ਅੱਜ ਤੁਰ ਜਾਵੇਂਗੀ, ਮੈਨੂੰ ਕੰਡਿਆਂ ਕਰ ਜਾਵੇਂਗੀ,
ਓਥੇ ਦੱਸ ਹੁਣ ਕੋਣ ਹੈ ਤੇ ਕਲ ਮਾਪੇ ਨ ਵਡ ਵਡੇਰਾਂ,
ਪੋਤੇ ਪੋਤੀ ਨੇ ਭਾਈ ਦੇ, ਧੋਲੇ ਝਾਟੇ ਭਰਜਾਈ ਦੇ,
ਅਖਵਾਏਂਗੀ ਦਾਦੀ ਭੂਆ, ਕਈਆਂ ਦੀ ਪੜਦਾ ਦੀ ਭੂਆ,
ਕੀਹ ਪਹਿਚਾਣ ਹੋਵੇਗੀ ਤੇਰੀ ਬਹਿ ਜਾਵੇਂਗੀ ਢਾਹ ਕੇ ਢੇਰੀ,
ਨਾਂ ਜਾ ਮੇਰੀ ਮਨ ਸਲਾਹ, ਡਰਲੈ ਅੱਜ ਨ ਪੇਕੇ ਜਾ ।।

ਕਰੇਗਾ ਮੇਰੀ ਕੌਣ ਸੰਭਾਲ, ਹੋ ਜਾਵੇਗਾ ਮੰਦਾ ਹਾਲ,
ਤੂੰ ਹੋਵੇਂ ਤਾਂ ਸਭ ਜਗ ਮੇਰਾ, ਬਿਨ ਤੇਰੇ ਹੈ ਸੁੰਨਾਂ ਡੇਰਾ,
ਤੂੰ ਹੋਵੇਂ ਤਾਂ ਮਿਲਦੀ ਢੋਈ, ਬਾਝ ਤੇਰੇ ਹੈ ਸਾਕ ਨ ਕੋਈ,
ਕੌਣ ਕਰੇਗਾ ਖਾਤਰਦਾਰੀ, ਕੌਣ ਕਰੇਗਾ ਚੌਕੀਦਾਰੀ,
ਤੂੰ ਹੋਵੇਂ ਤਾਂ ਮਿਲੇ ਬਸੇਰਾ, ਬਿਨ ਤੇਰੇ ਹੈ ਘੁੱਪ ਹਨੇਰਾ,
ਨੂਹਾਂ ਪੁੱਤਰ ਪੋਤੀਆਂ ਪੋਤੇ, ਸਭ ਨੇ ਗ਼ਰਜ਼ਾਂ ਨਾਲ ਪਰੋਤੇ,
ਬਿਨ ਤੇਰੇ ਹੈ ਕੌਣ ਮਲਾਹ, ਤਰਲੈ ਅਜ ਨ ਪੇਕੇ ਜਾ ।।



Sri Satguru Jagjit Singh Ji eLibrary NamdhariElibrary@gmail.com

ਤੂੰ ਬੇ-ਗ਼ਰਜ਼ ਹੈਂ ਸੇਵਾ ਕਰਦੀ, ਬਿਨ ਤੇਰੇ ਨ ਕੋਈ ਦਰਦੀ,
ਜਗ ਸਾਰਾ ਮੈਂ ਪਰਖ ਲਿਆਏ ਬਿਨ ਤੇਰੇ ਸਭ ਹਰਖ ਗਿਆ ਏ,
ਸਾਰਾ ਦਿਨ ਹੈਂ ਭੱਜੀ ਫਿਰਦੀ, ਨ ਤੈਨੂੰ ਹੈ ਗਰਮੀ ਸਰਦੀ,
ਰਹਿੰਦੀ ਤੇਰੀ ਜੇਬ ਹੈ ਖਾਲੀ, ਨਹੀਂ ਗਰੀਬੀ ਕਦੇ ਵਿਖਾਲੀ,
ਨ ਤੇਰਾ ਹੈ ਬੈਂਕੀਂ ਖਾਤਾ, ਬੜੀ ਅਜੀਬ ਹੈ ਤੇਰੀ ਗਾਥਾ,
ਬਿਨ ਗ਼ਰਜ਼ੋਂ ਬਿਨ ਮਤਲਬ ਤੂੰ ਹੀ, ਮਿਹਨਤ ਕਰੇਂ ਦਬਾ ਦਬ ਤੂੰ ਹੀ,
ਅੜੀਏ ਅਜ ਨ ਪੇਕੇ ਜਾਹ, ਤਰਲੈ ਜਾਣ ਦੀ ਛਡ ਸਲਾਹ ।।

ਜਦ ਤਕ ਜੀਵਾਂ ਕੋਲ ਰਹੀਂ ਤੂੰ, ਮਰਾਂ ਤਾਂ ਮੇਰੇ ਕੋਲ ਬਹੀਂ ਤੂੰ,
ਬਿਨ ਤੇਰੇ ਹੈ ਔਖਾ ਜੀਣਾਂ, ਜਿਓਂ ਸਾਹਾਂ ਦਾ ਮੌਹਰਾ ਪੀਣਾ,
ਚਾਰ ਦਿਨਾਂ ਦਾ ਮੇਲੈ ਅੜੀਏ, ਕੱਠੇ ਰਹੀਏ ਭਾਵੇਂ ਲੜੀਏ,
ਇਕ ਦੂਜੇ ਤੋਂ ਅੱਡ ਨ ਹੋਈਏ, ਦੂਰ ਜਾਣ ਦੀ ਗਲ ਨ ਛੋਹੀਏ,
ਜੀਕਰ ਕੱਠੇ ਉਮਰ ਗੁਜ਼ਾਰੀ, ਕੱਠੇ ਕਰੀਏ ਅਗ੍ਹਾਂ ਤਿਆਰੀ,
ਅਗਲੇ ਜਨਮ ਵੀ ਕੱਠੇ ਰਹੀਏ, ਨਾਲ ਅਮਰੀਕ ਦੇ ਦੁਖ ਸੁਖ ਸਹੀਏ,
ਬਦਲ ਕਪੜੇ ਅੰਦਰ ਜਾਹ, ਪੇਕੇ ਜਾਣ ਦੀ ਬਦਲ ਸਲਾਹ ।।

✲ ✲ ✲ ✲ ✲



Sri Satguru Jagjit Singh Ji eLibrary NamdhariElibrary@gmail.com

# ਜਵਾਨੀ ਚਲੀ ਗਈ

ਪੱਲੇ ਪਿਆ ਬੁਢਾਪਾ, ਜਵਾਨੀ ਚਲੀ ਗਈ,
ਡੋਲਦਾ ਫਿਰਦਾ ਆਪਾ, ਜਵਾਨੀ ਚਲੀ ਗਈ ।

ਬਚਪਨ ਅਤੇ ਜਵਾਨੀ ਛਲਿਆ, ਐਪਰ ਨਹੀਂ ਬੁਢਾਪਾ ਟਲਿਆ,
ਅੜਿਆ ਐਸਾ ਛਾਪਾ, ਜਵਾਨੀ ਚਲੀ ਗਈ ।।

ਪੁੱਤਰ ਵਿਆਹੇ ਧੀਆਂ ਵਿਆਹੀਆਂ ਜ਼ੁਮੇਵਾਰੀਆਂ ਸਭੇ ਲਾਹੀਆਂ,
ਰਹਿ ਗਿਆਂ ਕੱਲ ਕਲਾਪਾ, ਜਵਾਨੀ ਚਲੀ ਗਈ ।।

ਨੂਹਾਂ ਪੁੱਤਰ ਕੁੜਮ ਕਬੀਲਾ, ਸਾਕਾਂ ਦਾ ਰੰਗ ਹੋਇਆ ਪੀਲਾ,
ਸਭੀ ਛੁੱਡਾਂਦੇ ਪਲਾ, ਜਵਾਨੀ ਚਲੀ ਗਈ ।।

ਨੈਣ ਪ੍ਰਾਣ ਦੀ ਹੰਭ ਗਏ ਨੇ, ਸ਼ਕਤੀ ਦੇ ਖੁਸ਼ ਖੰਭ ਗਏ ਨੇ,
ਪੂਰਾ ਪਿਆ ਸਿਆਪਾ, ਜਵਾਨੀ ਚਲੀ ਗਈ ।।

ਮੁੱਕਦੀ ਜਾਂਦੀ ਸਭ ਰੰਗੀਣੀ, ਸੋਚ ਵੀ ਅਸਲੋਂ ਹੋਈ ਹੀਣੀ,
ਬਹੁਤ ਚੋਇਆ ਏ ਪਾਪਾ, ਜਵਾਨੀ ਚਲੀ ਗਈ ।।

ਡਰਦਾ ਕੋਈ ਨ ਆਵੇ ਨੇੜੇ, ਗੱਲ ਕਰੋ ਤਾਂ ਪੈਂਦੇ ਝੇੜੇ,
ਇਸ ਦੁਖ ਦਾ ਕੀ ਨਾਪਾ, ਜਵਾਨੀ ਚਲੀ ਗਈ ।।

ਜਿਨ੍ਹਾਂ ਨਾਲ ਜਹਾਨ ਸੀ ਗਾਹਿਆ, ਉਹਨਾਂ ਵੀ ਨ ਸਾਥ ਨਿਭਾਇਆ,
ਖੁਲਿੱਆਂ ਦੁਖ ਦਾ ਨਾਪਾ, ਜਵਾਨੀ ਚਲੀ ਗਈ ।।

ਅਜੇ ਵੀ ਸਮਝ ਅਮਰੀਕ ਦੀਵਾਨੇ, ਨੇਕੀ ਦੇ ਕੁੜ ਛੇੜ ਤਰਾਨੇ,
ਨਹੀਓਂ ਰਾਮ ਪਛਾਤਾ, ਜਵਾਨੀ ਚਲੀ ਗਈ ।।



Sri Satguru Jagjit Singh Ji eLibrary NamdhariElibrary@gmail.com

# ਬੱਗਿਆਂ ਕਰੀ ਕਮਾਲੇ

(ਰੁਬਾਈਆਂ)

ਕਾਲਿਆਂ ਨੇ ਤਾਂ ਕੱਚ ਕਮਾਇਆ, ਛੱਡ ਗਏ ਅੱਧ ਵਿਚਾਲੇ,
ਬਲ ਬਲ ਜਾਈਏ ਬੱਗਿਆਂ ਦੇ ਜੋ ਨਿਭਣੇ ਸੁਆਸਾਂ ਨਾਲੇ,
ਕਾਲੇ ਬੇ ਇਤਬਾਰੇ ਨਿਕਲੇ ਬੱਗਿਆਂ ਸਾਖ ਬਨਾਈ,
ਕਾਲਿਆਂ ਵੇਲੇ ਕਦਰ ਬਨੀ ਨਾਂ, ਬੱਗਿਆਂ ਕਰੀ ਕਮਾਲੇ ।

ਵਾਂਗ ਕਬੂਤਰ ਉੱਡ ਗਏ ਕਾਲੇ, ਬੱਗਿਆ ਪੈਰ ਜਮਾਏ,
ਆਖਰੀ ਦਮ ਤਕ ਨਾਲ ਨਿਭਨਗੇ, ਬੱਗਿਆਂ ਕੌਲ ਪੁਗਾਏ,
ਕੱਚੀ ਯਾਰੀ ਕਾਲਿਆਂ ਦੀ ਸੀ ਜੋ ਵਿੱਚ ਜਵਾਨੀ ਛਡ ਗਏ,
ਚਾਰ ਦਿਨਾਂ ਦੀ ਕਰ ਸਰਦਾਰੀ, ਨਜ਼ਰੀਂ ਫੇਰ ਨਾਂ ਆਏ ।

ਕਿੰਨੀਆਂ ਹੇਅਰ ਡਾਈਆਂ ਲਾ ਲੌ ਬੱਗੇ ਹੋਣ ਨਾਂ ਕਾਲੇ,
ਚਾਰ ਦਿਨਾਂ ਦੇ ਪਿਛੋਂ ਬੱਗਿਆਂ ਫੇਰ ਆ ਮੂੰਹ ਵਿਖਾਲੇ,
ਨਾਂ ਕਾਲੇ ਨਾਂ ਬੱਗੇ ਰਹਿ ਗਏ ਹੋਰ ਹੀ ਬਣੇ ਨਮੂਨਾਂ,
ਸ਼ੀਸ਼ਾ ਵੇਖ ਕੇ ਕਹਿਣ ਵਿਚਾਰੇ, ਐਵੇਂ ਪੈਸੇ ਗਾਲੇ ।

ਕਾਲੇ ਗਏ ਤਾਂ ਕੁੜ ਕੁੜ ਮੁੱਕੀ, ਸ਼ਾਂਤ ਕਰਾਈ ਬੱਗਿਆਂ,
ਕਾਲਿਆਂ ਦੀ ਕਰਤੂਤ ਦੇ ਉੱਤੇ ਪਰਦਾ ਪਾਇਆ ਬੱਗਿਆਂ,
ਕਾਲਿਆਂ ਤੇ ਸ਼ੱਕ ਸਭ ਨੇ ਕੀਤਾ, ਬੇ ਵਿਸ਼ਵਾਸੇ ਹੋਏ,
ਆਓਂਦੇ ਸਾਰ ਅਜ ਪੂਰਾ ਹੀ ਇਤਬਾਰ ਬਨਾਇਆ ਬੱਗਿਆਂ।



Sri Satguru Jagjit Singh Ji eLibrary NamdhariElibrary@gmail.com

# ਆਓ ਮਿੱਤਰੋ ਮੇਰਿਓ

ਆਓ ਮਿੱਤਰੋ ਮੇਰਿਓ ਗਲਵੱਕੜੀ ਪਾਈਏ,
ਸ਼ਿਕਵੇ ਗਿਲੇ ਵਿਸਾਰ ਕੇ ਇੱਕ ਮਿੱਕ ਹੋ ਜਾਈਏ ।

ਵੈਰ ਵਰੋਧ ਮਿਟਾਏ ਕੇ ਦੁਖ ਦੂਰ ਭਜਾਈਏ,
ਸਭੀ ਬਰਾਬਰ ਅਸੀਂ ਹਾਂ ਸਭ ਨੂੰ ਸਮਝਾਈਏ ।

ਨਫ਼ਰਤ ਭੈੜੇ ਰੋਗ ਤੋਂ ਸਭ ਲੋਕ ਬਚਾਈਏ,
ਪਿਆਰ ਮੁਹੱਬਤ ਆਪਸੀ ਸਾਰੇ ਅਪਨਾਈਏ ।

ਆਪਣੀ ਸੋਚ ਵਿਸ਼ਾਲ ਕਰ ਤੰਗ ਦਿਲੀ ਹਟਾਈਏ,
ਅਮਨ ਫਰੇਰੇ ਜਗਤ ਵਿਚ, ਆਓ ਫਹਿਰਾਈਏ ।

ਭੀੜੀ ਬੱਣ ਜੈ ਵਤਨ ਤੇ, ਨ ਜਾਨ ਲੁਕਾਈਏ,
ਹੱਦਾਂ ਬੰਨੇ ਦਿਲਾਂਦੇ ਸਭ ਤੋੜ ਵਖਾਈਏ ।

ਸਭ ਕੁਝ ਆਪਣਾਂ ਵਾਰੀਏ ਤੇ ਸ਼ੁਕਰ ਮਨਾਈਏ,
ਧਰਤੀ ਓੱਤੇ ਹੀ ਪਿਆਰ ਦਾ ਇਕ ਸੁਵਰਗ ਸਜਾਈ ਏ ।

ਕੌੜਾ ਬੋਲ ਨਾਂ ਬੋਲੀਏ, ਨ ਚਿੱਤ ਦੁਖਾਈਏ,
ਮਿੱਠੜੇ ਬੋਲਾਂ ਨਾਲ ਸਭਸ ਦਾ ਮਨ ਪਰਚਾਈਏ ।

ਚਾਰ ਇਨਾਂ ਦੀ ਉਮਰ ਨਾਂ ਬੇ-ਅਰਥ ਗਵਾਈਏ,
ਲੈ ਕੇ ਨਾਲ ਅਮਰੀਕ ਨੂੰ ਰਲ ਗੀਤ ਇਹ ਗਾਈਏ ।



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail

ਆਪਣੀ ਜਾਣ ਪਛਾਣ

## ਮਾਸਟਰ ਅਮਰੀਕ ਸਿੰਘ

ਪਿਤਾ - ਸੰਤ ਕਰਤਾਰ ਸਿੰਘ ਜੀ
ਮਾਤਾ - ਸ਼੍ਰੀਮਤੀ ਲਾਭ ਕੌਰ ਜੀ
ਪਤਨੀ - ਸ਼੍ਰੀਮਤੀ ਮਹਿੰਦਰ ਕੌਰ
ਜਨਮ - ਲਾਲੇਪੁਰ, ਜਿਲ੍ਹਾ ਗੁਜਰਾਂ ਵਾਲਾ (ਪਾਕਿਸਤਾਨ)
ਜਨਮ ਤਿਥੀ - 1930
ਵਿਦਿਆ - ਮੈਟ੍ਰਿਕ, ਗਿਆਨੀ
ਨਿਵਾਸ - 50 ਸਾਲ ਅੰਮ੍ਰਿਤਸਰ ਕਲਾਂ
ਅਜਕਲ - ਨਵਾਂ ਲਾਲੇਪੁਰ, ਬਾਈਪਾਸ, ਐਲਨਾਬਾਦ (ਸਿਰਸਾ)
ਕਿੱਤਾ - ਅਧਿਆਪਣ
ਜਿੰਨਾਂ ਪਦਵੀਆਂ ਤੇ ਕੰਮ ਕੀਤਾ -
ਅਧਿਆਪਨ ਸ੍ਰੀ ਗੁਰੂ ਹਰਿ ਸਿੰਘ ਮਹਾਂਵਿਦਿਆਲਾ, ਸ੍ਰੀ ਜੀਵਨ ਨਗਰ
ਹੈਡ ਮਾਸਟਰ, ਸ੍ਰੀ ਗੁਰੂ ਹਰੀ ਸਿੰਘ ਸਿਮਾਤੀ ਵਿਦਿਆਲਾ, ਅੰਮ੍ਰਿਤਸਰ
ਮੈਨੇਜਰ, ਸ੍ਰੀ ਗੁਰੂ ਹਰੀ ਸਿੰਘ ਐਜੂਕੇਸ਼ਨ ਟਰਸਟ, ਸ੍ਰੀ ਜੀਵਨ ਨਗਰ
ਮੈਨੇਜਰ, ਅਨੂਪਮ ਪਬਲਿਕ ਸਕੂਲ, ਐਲਨਾਬਾਦ (1999-2009)
ਸਰਪ੍ਰਸਤ - ਨਾਮਧਾਰੀ ਪੰਜਾਬੀ ਸਾਹਿਤ ਸਭਾ, ਸ੍ਰੀ ਜੀਵਨ ਨਗਰ
ਐਵਾਰਡ - ਸੰਤ ਤਰਨ ਸਿੰਘ ਵਹਿਮੀ ਐਵਾਰਡ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਹਰਿਆਣਾ ਸਰਕਾਰ ਵੱਲੋਂ, (2007)

ਸਾਹਿਤ ਸਭਾ ਕੈਥਲ ਵੱਲੋਂ ਸਨਮਾਨਿਤ (2008)

"ਹਰਿਆਣਾ ਪੰਜਾਬੀ ਗੌਰਵ ਪੁਰਸਕਾਰ" ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਹਰਿਆਣਾ ਸਰਕਾਰ ਵੱਲੋਂ, (2011)

Sri Satguru Jagjit Singh Ji eLibrary NamdhariElibrary@gmail.com

## ਲੇਖਕ ਦੀ ਕਲਮ ਤੋਂ ਪਹਿਲਾਂ :

1. ਪਹਿਲਾ ਉਭਾਰ (ਕਵਿਤਾ ਸੰਪਾਦਨ)
2. ਪੰਖੜੀਆਂ (ਕਵਿਤਾ)
3. ਗ਼ਮ ਦੀ ਮਹਿਕ (ਗ਼ਜ਼ਲਾਂ)
4. ਦਰਦ ਦਾ ਅਹਿਸਾਸ (ਏਜ਼ਲ-ਸੰਗ੍ਰਹਿ)
5. ਮਿੱਠੀਆਂ ਮਿਰਚਾਂ (ਵਿਅੰਗ ਕਾਵਿ)
6. ਸੱਚੀ ਤੇਰੀ ਸਿਫ਼ਤ (ਗੀਤ)
7. ਜਿਨ ਮਾਰਗ ਦੀਆ ਬਤਾਇ (ਮਹਾਂਕਾਵਿ)
8. ਗੁਰ ਗੀਤਾਂਜਲੀ
9. ਸ਼ੇਅਰਾਂ ਦਾ ਸ਼ੀਰਾਜ਼ਾ
10. ਦੋਹੋਂ ਕੇ ਜਾਮ ਨੇਤਾਓਂ ਕੇ ਨਾਮ (ਹਿੰਦੀ)
11. ਖਟ ਮਿਠੀਆਂ ਮੁਸਕਾਨਾਂ
12. ਬਹਾਰੇ ਗ਼ਜ਼ਲ (ਉਰਦੂ) ਪ੍ਰੈਸ ਵਿਚ
13. ਬਹਾਰੇ ਗ਼ਜ਼ਲ (ਹਿੰਦੀ)
14. ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ
15. ਪੁਸਤਕ ਏਕ ਰੰਗ ਅਨੇਕ
16. ਸਵਾਮੀ ਤੁਲਸੀ ਦਾਸ ਰਚਿਤ ਸ਼੍ਰੀ ਰਾਮ ਚਰਿਤ ਮਾਨਸ ਦਾ ਪੰਜਾਬੀ ਕਾਵ ਅਨੁਵਾਦ (ਪ੍ਰੈਸ ਵਿੱਚ)
17. ਗੁਰ ਗੀਤਾਵਲੀ

:: ਸਮਰਪਨ ::

ਉਹਨਾਂ ਨੂੰ ਜਿਨ੍ਹਾਂ
ਮੇਰੇ ਸਭ ਸਪਨੇ
ਸਾਕਾਰ ਕਰ ਦਿੱਤੇ

Sri Satguru Jagjit Singh Ji eLibrary NamdhariElibrary@gmail.com



ਮਾਸਟਰ ਅਮਰੀਕ ਸਿੰਘ ਮੇਰੇ ਲਈ ਸੂਫ਼ਿਆਨਾਂ ਰੰਗਤ ਵਿਚ ਰੰਗੇ ਹੋਏ ਫ਼ੱਕਰ ਸ਼ਾਇਰ ਦਾ ਨਾਮ ਹੈ। ਇਨਸਾਨੀਅਤ ਦਾ ਪੁਰ ਖ਼ਲੂਸ ਤੇ ਦਰਵੇਸ਼ ਭਾਵਨਾਵਾਂ ਨਾਲ ਭਰਪੂਰ ਮੁੱਜਸਮਾ ਹੈ ਕਿ ਜਿਸ ਦੇ ਅੰਦਰ ਸ਼ਾਇਰੀ ਤੇ ਇਖ਼ਲਾਕ ਇੱਕਠੇ ਜਾਰੀ ਰਹਿੰਦੇ ਹਨ। ਮਾਸਟਰ ਅਮਰੀਕ ਸਿੰਘ ਨੇ ਇਹ ਕਲਾ ਆਪਣੇ ਸਹਿਰਦ ਨੇਕ ਉਸਤਾਦਾਂ ਤੇ ਬਜ਼ੁਰਗਾਂ ਤੋਂ ਆਪਣੇ ਨਿੰਮ੍ਰਤਾ ਦੇ ਦਮ ਤੇ ਪਰਾਪਤ ਕੀਤਾ ਹੈ, ਇਹ ਮੇਰਾ ਪੱਕਾ ਅਨੁਮਾਨ ਹੈ। ਆਪਣੇ ਜ਼ਿੰਦਗੀ ਦੇ ਤਜ਼ਰਬਿਆਂ ਦੇ ਜ਼ਰੀਏ ਮਾਸਟਰ ਜੀ ਨੇ ਆਪਣੀ ਕਲਮ ਤੋਂ ਕਰੀਬਨ ਸਤਾਰਾਂ ਪੁਸਤਕਾਂ ਪੰਜਾਬੀ, ਹਿੰਦੀ ਤੇ ਉਰਦੂ ਵਿਚ ਦੇ ਕੇ ਇਕ ਵਰਣਨਯੋਗ ਸਾਹਿਤਕਾਰ ਹੋਣ ਦਾ ਸਬੂਤ ਦਿੱਤਾ ਹੈ। ਇਹਨਾਂ ਦੀ ਸਾਧਨਾ ਦਾ ਅਹਿਸਾਸ ਕਰਦੇ ਹੋਏ ਹਰਿਆਣਾਂ ਪੰਜਾਬੀ ਸਾਹਿਤ ਅਕੈਡਮੀ ਦੇ "ਸੰਤ ਤਰਨ ਸਿੰਘ ਵਹਿਮੀ ਪੁਰਸਕਾਰ 2010" ਤੇ "ਹਰਿਆਣਾ ਪੰਜਾਬੀ ਗੌਰਵ ਪੁਰਸਕਾਰ 2011" ਦੇ ਕੇ ਸਨਮਾਨਤ ਕੀਤਾ ਹੈ। ਇਹਨਾਂ ਨੇ ਸ਼ੁਰੂਆਤੀ ਵਿਦਿਆ ਉਰਦੂ ਤੇ ਫ਼ਾਰਸੀ ਵਿਚ ਪ੍ਰਾਪਤ ਕੀਤੀ ਸੀ। ਫੇਰ ਘਰ ਦੇ ਮਾਹੌਲ ਤੇ ਜ਼ਿੰਦਗੀ ਤੋਂ ਜੋ ਵੀ ਪਰਾਪਤ ਕੀਤਾ ਉਹਨੂੰ ਆਪਣੀ ਕਵਿਤਾ ਦਾ ਰੂਪ ਦਿੱਤਾ ਹੈ।

**ਸੀ.ਆਰ. ਮੌਦਗਿਲ**
ਸਬਕਾ ਡਾਇਰੈਕਟਰ
ਹਰਿਆਣਾ ਪੰਜਾਬੀ ਸਾਹਿਤ ਅਕੈਡਮੀ

Sri Satguru Jagjit Singh Ji eLibrary NamdhariElibrary@gmail.com